ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

www.awazeqaumtv.com

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV



**ਫੱਗਣ ਦੀ ਸੰਗਰਾਂਦ ਅੱਜ**

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਫੱਗਣ ਮਹੀਨੇ ਦੀ ਸੰਗਰਾਂਦ ਅੱਜ। ਦੇਸ਼ ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।

ਬੁੱਧਵਾਰ, 12 ਫਰਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

# ਐਸਾ ਚਾਹੂੰ ਰਾਜ ਮੈਂ, ਯਹਾਂ ਮਿਲੇ ਸਭਨ ਕੋ ਅੰਨ...

## ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

ਭਾਰਤ ਰਿਸ਼ੀਆਂ, ਮੁੰਨੀਆਂ, ਗੁਰੂਆਂ ਪੀਰਾਂ, ਭਗਤਾਂ, ਯੋਧਿਆਂ, ਸੂਰਬੀਰਾਂ ਦੀ ਧਰਤੀ ਹੈ। ਇਹਨਾਂ ਮਹਾਂਪੁਰਸ਼ਾਂ ਦਾ ਜੀਵਨ ਸਿੱਖਿਆਵਾਂ ਦੇਸ਼ ਨੂੰ ਚਾਨਣ ਮੁਨਾਰੇ ਦਾ ਕੰਮ ਦਿੰਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਵੀ ਇਹਨਾਂ ਮਹਾਨ ਮਹਾਂਪੁਰਸ਼ਾਂ ਵਿੱਚੋਂ ਇੱਕ ਸਨ। ਜਿਹਨਾਂ ਨੂੰ ਬੇਗਮਪੁਰੇ ਦੇ ਮਹਾਨ ਸੰਕਲਪ ਦਾ ਇਨਕਲਾਬੀ ਮੋਢੀ ਕਰਕੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਦਾ ਜਨਮ 1377 ਈਸਵੀ (ਬਿਕਰਮੀ ਸੰਮਤ 1433) ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸੰਤੋਖ ਦਾਸ ਤੇ ਮਾਤਾ ਦਾ ਨਾਮ ਕਲਸਾ ਮੰਨਿਆ ਗਿਆ ਹੈ। ਜਨਮ ਮਿਤੀ ਦੇ ਸਬੂਤ ਵਜੋਂ ਇਹ ਦੋਹਾ ਪ੍ਰਚੱਲਤ ਹੈ:

**ਚੋਦਹ ਸੌ ਤੇਤੀਸ ਕੀ ਮਾਘ ਸੁਦੀ ਪੰਦਰਾਸ**
**ਦੁਖੀਓ ਕੇ ਕਲਿਆਣ ਹਿੱਤ ਪ੍ਰਗਟੇ ਸ੍ਰੀ ਰਵਿਦਾਸ**

ਅਤੇ

**ਮੇਰੀ ਜਾਤ ਕੁਟ ਬਾਡਲਾ ਢੋਰ ਢਵੰਤਾ**
**ਨਿਤਹਿ ਬਨਾਰਸ ਆਸ ਪਾਸਾ।**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਕਾਮ ਸਰਵਾਣਿ ਰਵਿਦਾਸ ਦਾਸ।**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦੇ ਦਰਜ ਕੀਤੇ 40 ਸ਼ਬਦ, ਇੱਕ ਸਲੋਕ ਅਤੇ ਹੋਰ ਸੋਮਿਆਂ ਤੋਂ ਮਿਲੀ ਗੁਰੂ ਜੀ ਦੀ ਬਾਣੀ ਜਿਸ ਨੂੰ ਸਤਿਗੁਰੂ ਰਵਿਦਾਸ ਅਮ੍ਰਿਤਬਾਣੀ ਦਾ ਨਾਮ ਦਿੱਤਾ ਗਿਆ ਹੈ। ਇਹ ਸਮੁੱਚੀ ਬਾਣੀ, ਵਿਰਤਾਂਤ, ਵਿਆਖਿਆਨ ਪੜ੍ਹਦਿਆਂ ਸੁਣਦਿਆਂ ਸਮਝ ਪੈਂਦੀ ਹੈ ਕਿ ਗੁਰੂ ਜੀ ਧਾਰਮਿਕ, ਸਮਾਜਿਕ, ਆਰਥਿਕ, ਰਾਜਸੀ, ਸੱਭਿਆਚਾਰ ਪ੍ਰਤੀ ਦੂਰਅੰਦੇਸ਼ੀ ਸਨ। ਗੁਰੂ ਜੀ ਦੀ ਬਾਣੀ ਗਿਣਤੀ ਪੱਖੋਂ ਜਿੰਨੀ ਵੀ ਹੈ ਗੁਣਾਂ ਨਾਲ ਭਰਪੂਰ ਹੈ, ਲਬਰੇਜ਼ ਹੈ। ਸਮਾਜ ਦੀ ਭਲਾਈ ਲਈ ਮਾਨਵਤਾ ਦਾ ਸੰਦੇਸ਼ ਦਿੰਦੀ ਹੈ, ਰਾਜਸੀ ਸੂਝ ਦੀ ਪ੍ਰੇਰਨਾ ਲੈ ਕੇ ਡਾ: ਅੰਬੇਡਕਰ ਸਮੇਤ ਮਹਾਨ ਆਗੂ ਰਾਜਨੀਤੀ ਵਿੱਚ ਅੱਗੇ ਵਧਦੇ ਨਜਰ ਆ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਪੂਜਣਯੋਗ, ਸੰਭਾਲਣਯੋਗ ਅਤੇ ਪ੍ਰਚਾਰਨਯੋਗ ਹੈ। ਇਸ ਤੋਂ ਸਮਾਜ ਨੂੰ ਸੇਧ ਹਾਸਿਲ ਕਰਨੀ ਸਮੇਂ ਦੀ ਮੰਗ ਹੈ।

ਗੁਰੂ ਜੀ ਦੇ ਆਪਣੇ ਮੱਧ ਕਾਲ ਦੌਰਾਨ ਭਾਰਤ ਵਿੱਚ ਭਗਤੀ ਲਹਿਰ ਦੌਰਾਨ ਉਹ ਸਾਰੇ ਹਲਾਤਾਂ ਤੋਂ ਜਾਣੂ ਕਰਵਾਉਣ, ਸਮਾਜ ਦੀ ਏਕਤਾ ਲਈ, ਰਾਜ ਦੀ ਸਥਾਪਤੀ, ਵਧੀਆ ਵਿਵਸਥਾ ਬਿਨਾਂ ਕਿਸੇ ਡਰ ਭੈਅ ਵਾਲਾ ਬੇਗਮਪੁਰੇ ਦਾ ਸੰਕਲਪ ਸਾਨੂੰ ਸਦੀਆਂ ਤੋਂ ਸੁਨੇਹਾ ਦਿੰਦਾ ਆ ਰਿਹਾ ਹੈ ਕਿ ਉੱਠੋ ਜਾਗੋ ਤੇ ਕੁਝ ਕਰੋ। ਗੁਰੂ ਰਵਿਦਾਸ ਜੀ ਨੇ ਆਪਣੀ ਸਮੁੱਚੀ ਬਾਣੀ ਵਿੱਚ ਰੱਬ-ਪ੍ਰਮਾਤਮਾ ਨਾਲ ਵੀ ਗਿਲੇ ਸ਼ਿਕਵੇ/ਸ਼ਿਕਾਇਤ ਕੀਤੀ ਹੈ।

**ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ**
**ਰਵਿਦਾਸ ਦਾਸ ਪਰਾਧੀਨ ਸੇ ਕਉਨ ਕਰੇ ਹੈ ਪ੍ਰੀਤ।**

ਅਤੇ

**ਪਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ**
**ਰਵਿਦਾਸ ਦਾਸ ਪਰਾਧੀਨ ਕੋ ਸਭੀ ਸਭੀ ਸਮਝੇ ਹੀਨ।**

**ਰਵਿਦਾਸ ਜਨਮ ਕੇ ਕਾਰਨੇ ਹੋਤਿ ਨਾ ਕੋਊ ਨੀਚ**
**ਨਰ ਕੋ ਨੀਚ ਕਰ ਡਾਰ ਹੈ ਓਛੇ ਕਰਮ ਕੋ ਕੀਚ।**

ਗੁਰੂ ਰਵਿਦਾਸ ਜੀ ਨੇ ਉੱਚੇ ਨੀਵੇਂ ਦੀ ਗੱਲ ਨੂੰ ਸਿਰੇ ਤੋਂ ਖਾਰਜ ਕੀਤਾ ਅਤੇ ਉਹਨਾਂ ਆਪਣੀ ਬਾਣੀ ਵਿੱਚ ਸਪੱਸ਼ਟ ਕੀਤਾ ਹੈ ਕਿ:

**ਰਵਿਦਾਸ ਬ੍ਰਾਹਮਣ ਮਤ ਪੂਜੀਏ ਜੋ ਹੋਵੇ ਗੁਣਹੀਣ**
**ਪੂਜਹੋ ਚਰਣਿ ਚੰਡਾਲ ਕੇ ਜੋ ਹੋਵੇ ਗੁਣ ਪ੍ਰਵੀਨ।**

ਗੁਰੂ ਰਵਿਦਾਸ ਜੀ ਨਾਮਲੇਵਾ ਭਾਈਚਾਰਾ ਉੱਤਰੀ ਭਾਰਤ, ਦੇਸ਼ਾ ਵਿਦੇਸ਼ਾਂ ਵਿੱਚ ਬੈਠਾ ਉਹਨਾਂ ਨੂੰ ਗੁਰੂ ਮੰਨਕੇ ਬਾਣੀ ਪੜ੍ਹਦਾ ਸੁਣਦਾ ਤੇ ਸਮਝਦਾ ਹੈ। ਗੁਰੂ ਰਵਿਦਾਸ ਬਾਣੀ 'ਚ ਜਿੱਥੇ ਧਾਰਮਿਕ ਸੇਧ ਮਿਲਦੀ ਹੈ ਉੱਥੇ ਮਾਨਸਿਕ ਸੰਤੁਸ਼ਟੀ ਦੇ ਨਾਲ-ਨਾਲ ਸਮਾਜਿਕ, ਰਾਜਨੀਤਿਕ ਕ੍ਰਾਂਤੀ ਦਾ ਬਿਗਲ ਵੀ ਵੱਜਦਾ ਸੁਣਾਈ ਦਿੰਦਾ ਹੈ ਗੁਰੂ ਜੀ ਨੇ ਉਸ ਸਮੇਂ ਚੱਲ ਰਹੇ ਮਾੜੇ ਹਾਲਾਤਾਂ ਦੇ ਬਾਵਜੂਦ ਬਾਣੀ 'ਚ ਤੀਖਣ, ਉਸਾਰੂ ਤੇ ਅਗਾਂਹਵਧੂ ਸੋਚ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ:-



**ਐਸਾ ਚਾਹੂੰ ਰਾਜ ਮੈਂ,**
**ਯਹਾਂ ਮਿਲੇ ਸਭਨ ਕੋ ਅੰਨ,**
**ਛੋਟ ਬੜੇ ਸਭ ਸਮ ਵਸੇ,**
**ਰਵਿਦਾਸ ਰਹੇ ਪ੍ਰਸੰਨ।**

ਅੱਜ ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਇਹ ਤੱਥ ਅਤੇ ਜਾਣਕਾਰੀ ਸਾਹਮਣੇ ਆਉਂਦੀ ਹੈ ਕਿ ਭਾਰਤ ਦੀ ਆਰਥਿਕ ਸਥਿਤੀ ਇੱਕ ਸਮੇਂ ਇੰਨੀ ਮਜਬੂਤ ਸੀ ਕਿ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ।

ਗੁਰੂ ਰਵਿਦਾਸ ਜੀ ਦੀ ਹਰ ਰਚਨਾ ਅਮਰ ਹੈ। ਉਹਨਾਂ ਦੇ ਦੋ ਸ਼ਬਦ ਵਿਚਾਰ ਲਏ ਜਾਣ ਤਾਂ ਪੂਰੀ ਮਾਨਵਤਾ ਦਾ ਕਲਿਆਣ ਹੋ ਸਕਦਾ ਹੈ।

**ਬੇਗਮਪੁਰਾ ਸ਼ਹਿਰ ਕੋ ਨਉ**
**ਐਸਾ ਚਾਹੂੰ ਰਾਜ ਮੈਂ**
**ਗੁਰੂ ਰਵਿਦਾਸ ਜੀ ਦੀ ਉਸਤਿਤ,**
**ਵਡਿਆਈ ਚਾਰੇ ਪਾਸੇ ਹੋਣ ਲੱਗੀ**

ਇਹ ਭਾਰਤ ਦੇ ਜਾਤ-ਪਾਤ ਦੇ ਢਾਂਚੇ ਤੇ ਪਥਰੀਲੇ ਪੱਥਰ ਹੀ ਕਹੇ ਜਾ ਸਕਦੇ ਹਨ ਜੋ ਧਾਰਮਿਕ ਬੰਦਿਸ਼ਾਂ ਲਗਾਕੇ ਦੇਸ਼ 'ਚ ਬ੍ਰਾਹਮਣ, ਵੈਸ਼, ਕਸ਼ੱਤਰੀ, ਸੂ ਵਰਗ ਗਿਣੀ-ਸਜੀ ਕੋਈ ਸਾਜਿਸ਼ ਨਾਲ ਬਣਾ ਦਿੱਤੇ ਤੇ ਸ਼ੂਦਰ ਵਰਗ ਦੇ ਅਛੂਤ ਸਮਾਜ 'ਚ ਉੱਠੇ ਇੱਕ ਨੇਕ ਇਨਕਲਾਬ ਜਿਸ ਨੇ ਹਜਾਰਾਂ ਸਾਲਾਂ ਤੋਂ ਹਾਸ਼ੀਏ ਤੇ ਕੀਤੇ ਲੋਕਾਂ ਦੀ ਬਾਂਹ ਫੜੀ, ਰੱਬ ਨਾਲ ਗਿਲੇ ਸ਼ਿਕਵੇ ਕੀਤੇ ਅਤੇ ਹਕੂਮਤ ਨੂੰ ਤਰਕ ਦਲੀਲ ਤੇ ਵਿਚਾਰਾਂ ਰਾਹੀਂ ਪ੍ਰਭਾਵਿਤ ਕੀਤਾ। ਉਹਨਾਂ ਅਛੂਤ ਸੰਤਾਂ ਨੂੰ ਭਗਤ ਮੰਡਲੀ, ਸੰਤ ਮੰਡਲੀ ਜਾਂ ਸਾਧੂ ਮੰਡਲੀ ਦੇ ਤੌਰ ਤੇ ਵਰਨਣ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਅਛੂਤ ਸੰਤ ਨੂੰ ਭਗਤ ਦਾ ਦਰਜਾ ਦਿੱਤਾ ਪਰ ਬਾਣੀ ਵਿੱਚ ਭਗਤਾਂ ਦੇ ਅਰਥ ਕੇਵਲ ਭਗਤੀ ਕਰਨਾ ਨਹੀਂ ਸਗੋਂ ਭਗਤੀ ਦਾ ਅਰਥ ਹੈ ਜੁਲਮ ਦੇ ਖਿਲਾਫ ਬਗਾਵਤ ਕਰਨ ਵਾਲਾ ਸੂਰਮਾ, ਇਨਕਲਾਬੀ ਪੁਰਸ਼, ਸਮਿਆਂ ਤੇ ਸਮਾਜ ਦਾ ਮੂੰਹ ਮੋੜਨ ਵਾਲਾ ਯੋਧਾ ਹੈ।

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੇ ਇੱਕ ਬੀਜਕਣ (ਪ੍ਰਕਿਰਿਆ) ਤੋਂ ਪੈਦਾ ਹੁੰਦੇ ਹਨ ਚਾਹੇ ਉਹ ਬ੍ਰਾਹਮਣ ਹੋਣ ਜਾਂ ਅਛੂਤ। ਇਹ ਗੱਲ ਮੂਰਖ ਲੋਕ ਨਹੀਂ ਸਮਝਦੇ ਕਿ ਸਾਰੇ ਇੱਕ ਹੀ ਤੱਤ ਵਿਧਾਨ ਨਾਲ ਸਿਰਜ ਹੁੰਦੇ ਹਨ।

**ਮੁਸਲਮਾਨ ਸੇ ਕਰ ਦੋਸਤੀ, ਹਿੰਦੂਆਂ ਸੇ ਕਰ ਪ੍ਰੀਤ,**
**ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈ ਆਪਣੇ ਮੀਤ।**

ਗੁਰੂ ਸਾਹਿਬ ਦੀ ਉਸਤਿਤ, ਵਡਿਆਈ, ਮਹਾਨਤਾ, ਮਹਾਨ ਭਗਤ, ਸੰਤ, ਗੁਰੂ, ਸਤਿਗੁਰੂ ਦੱਸਣਾ ਤੇ ਮੰਨਣਾ ਇਹ ਗੁਰੂ ਸਾਹਿਬ ਜੀ ਦਾ ਅਸਲ ਜੀਵਨ ਦਰਸ਼ਨ ਤੇ ਮਹਾਂਪੁਰਸ਼ਾਂ, ਗੁਰੂਆਂ ਦੀ ਇੱਕ ਪ੍ਰਕਾਰ ਨਾਲ ਮੋਹਰ ਹੈ, ਥਾਪੜਾ ਹੈ। ਇਹ ਤਰਕ ਦਲੀਲ, ਵਿਗਿਆਨ ਤੇ ਸਮੇਂ ਦਾ ਸੱਚ ਹੈ ਜੋ ਐਸੇ ਮਹਾਂਪੁਰਸ਼ਾਂ ਨੇ ਗੁਰੂ ਰਵਿਦਾਸ ਜੀ ਦੀ ਮਹਿਮਾ, ਉਸਤਿਤ ਕਰਦਿਆਂ ਜੀਓ, ਸੰਤ, ਗੁਰੂ, ਭਗਤ ਮੰਨਿਆ ਹੈ। ਸੰਤ ਕਬੀਰ ਸਾਹਿਬ, ਸੰਤ ਸੈਣ, ਸੰਤ ਮੀਰਾ ਬਾਈ, ਸੰਤ ਪੀਪਾ, ਭਾਈ ਗੁਰਦਾਸ ਜੀ, ਧੰਨਾ ਭਗਤ, ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਭੱਟ ਕਲਸਹਾਰ ਜੀ, ਸੰਤ ਪਲਟੂ, ਸੰਤ ਦਾਦੂ ਦਲਾਲ, ਸੰਤ ਗਰੀਬ ਦਾਸ, ਭਗਤ ਪਿਥੂ ਜੀ, ਸੰਤ ਚਤੁਰਭੁਜ, ਸੰਤ ਹਰਿਦਾਸ, ਬਿਆਸ, ਸੰਤ ਕਲਿਆਣ ਦਾਸ, ਭਗਤ ਰਾਮ ਲਾਲ ਵੀ ਨੇ ਆਪਣੀ ਬਾਣੀ ਲੋਕਾਂ ਰਾਹੀਂ ਗੁਰੂਆਂ, ਸੰਤਾਂ, ਭਗਤਾਂ, ਭੱਟਾਂ, ਵਿਦਵਾਨਾਂ, ਕਵੀਆਂ ਦੀ ਬਾਣੀ ਅਤੇ ਕਵਿਤਾ ਵਿੱਚ ਗੁਰੂ ਰਵਿਦਾਸ ਜੀ ਦੀ ਮਹਿਮਾ ਗਾਈ।

**ਬੇਗਮਪੁਰਾ-ਗਮ ਤੋਂ ਰਹਿਤ**

ਮੈਂ ਜਿਸ ਵਤਨ ਦਾ ਸੁਪਨਾ ਸਿਰਜਿਆ ਹੈ ਉਸ ਦਾ ਨਾਂ ਹੈ ਬੇਗਮਪੁਰਾ। ਉਸਤ ਵਤਨ (ਦੇਸ਼/ਸਮਾਜ) ਵਿੱਚ ਕੋਈ ਗਮ ਨਹੀਂ ਹੋਵੇਗਾ, ਕੋਈ ਦੁੱਖ ਨਹੀਂ ਹੋਵੇਗਾ ਅਤੇ ਨਾ ਹੀ ਕੋਈ ਚਿੰਤਾ ਹੋਵੇਗੀ।

ਗੁਰੂ ਜੀ ਵਿੱਦਿਆ ਦੀ ਘਾਟ ਕਾਰਨ ਵਿਵੇਕ ਬੁੱਧੀ ਦਾ ਦੀਵਾ ਮਲੀਨ ਹੋਣਾ ਮੰਨਦੇ ਹਨ ਅਰਥਾਤ ਦੀਵੇ ਦੀ ਰੌਸ਼ਨੀ ਮੱਧਮ ਪੈ ਗਈ ਹੈ। ਗੁਰੂ ਰਵਿਦਾਸ ਜੀ ਨੇ ਇਸ ਦੇ ਸਬੰਧ ਵਿੱਚ ਹੋਈਆਂ ਗਲਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਕਹਿੰਦੇ ਹਨ ਕਿ:-

**ਨਰਪਤਿ ਏਕ ਸਿੰਘਾਸਨ ਸੋਇਆ,**
**ਸੁਪਨੇ ਭਇਆ ਭਿਖਾਰੀ,**
**ਅਛੂਤ ਰਾਜ ਬਿਛਰਤ ਦੁਖ ਪਾਇਆ,**
**ਸੋ ਗਤਿ ਭਈ ਹਮਾਰੀ।**

ਭਾਵ ਕਿ ਇੱਕ ਬਾਦਸ਼ਾਹ ਆਪਣੇ ਰਾਜ ਸਿੰਘਾਸਨ ਉੱਤੇ ਹੀ ਸੌਂ ਗਿਆ ਤੇ ਉਸਨੂੰ ਸੁਪਨਾ ਆਇਆ ਤੇ ਉਹ ਸੁਪਨੇ ਵਿੱਚ ਭਿਖਾਰੀ ਬਣ ਗਿਆ। ਭਿਖਾਰੀ ਹੋਣ ਕਾਰਨ ਉਸਨੂੰ ਬਹੁਤ ਦੁੱਖ ਮਹਿਸੂਸ ਹੋ ਰਿਹਾ ਸੀ, 'ਸੋ ਗਤਿ ਭਈ ਹਮਾਰੀ' ਸੋ ਸਾਡੀ ਹਾਲਤ ਵੀ ਉਹੀ ਬਣੀ ਹੋਈ ਹੈ ਕਿ ਸਾਡੇ ਬਜੁਰਗ ਭਾਰਤ ਦੇ ਰਾਜੇ-ਮਹਾਰਾਜੇ, ਬਾਦਸ਼ਾਹ ਸਿੰਧੂ ਘਾਟੀ ਦੀ ਮਹਾਨ ਸੱਭਿਅਤਾ ਵੇਲੇ ਹੁੰਦੇ ਸਨ।

ਗੁਰੂ ਜੀ ਕਹਿ ਰਹੇ ਹਨ ਕਿ ਮੈਂ 'ਖਲਾਸ' ਅਰਥਾਤ ਅਜਾਦ ਜਾਣੀ ਸੁਤੰਤਰ ਚਮਾਰ ਕਹਿ ਰਿਹਾ ਹਾਂ ਕਿ ਜੋ ਮੇਰਾ 'ਹਮ ਸ਼ਹਿਰੀ' ਬਣੇਗਾ ਭਾਵ ਕਿ ਜੋ ਅਜਾਦ ਹੋ ਜਾਵੇਗਾ 'ਸੁ-ਮੀਤ-ਹਮਾਰਾ' ਉਹੀ ਮੇਰਾ ਮਿੱਤਰ ਹੋਵੇਗਾ।

ਗੁਰੂ ਰਵਿਦਾਸ ਸਮਾਜ ਦੇ ਕਲਿਆਣ ਲਈ ਬੇਗਮਪੁਰਾ ਦੇਣਾ ਚਾਹੁੰਦੇ ਹਨ ਜਿਸ ਵਿੱਚ ਸਮਾਨਤਾ, ਸੁਤੰਤਰਤਾ, ਭਾਈਚਾਰਾ ਅਤੇ ਨਿਆਂ ਕਰਨ ਵਾਲਾ ਪ੍ਰਬੰਧ ਹੋਵੇ। ਜਦੋਂ ਅਸੀਂ ਅਜਿਹੀ ਪੂਰਨ ਬਰਾਬਰੀ ਵਾਲੀ ਵਿਵਸਥਾ, ਰਾਜ-ਭਾਗ ਦੇ ਹੱਕਦਾਰ ਹੋ ਜਾਵਾਂਗੇ ਤਾਂ ਫਿਰ ਸਾਡੇ ਸਤਿਗੁਰੂ ਖੁਸ਼ ਹੋਣਗੇ। ਉਹਨਾਂ ਦੀ ਤਮੰਨਾ, ਚਾਹਤ, ਸੰਕਲਪ ਨੂੰ ਪੂਰਨ ਕਰਨ ਲਈ ਅਮਲ ਤੇਜ ਕਰ ਦਿਓ।

**ਐਸਾ ਚਾਹੂੰ ਰਾਜ ਮੈ ਜਹਾਂ ਮਿਲੇ ਸਭਨ ਕੋ ਅੰਨ,**
**ਛੋਟ ਵਡੇ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ।**

ਪ੍ਰਸਿੱਧ ਦਾਰਸ਼ਨਿਕ ਓਸ਼ੋ ਰਜਨੀਸ਼ 'ਮਨ ਹੀ ਪੂਜਾ, ਮਨ ਹੀ ਧੂਫ (ਰਵਿਦਾਸ ਬਾਣੀ) 'ਚ ਲਿਖਦੇ ਹਨ ਕਿ ਭਾਰਤ ਦਾ ਅਕਾਸ਼ ਸੰਤਾਂ ਦੇ ਸਿਤਾਰਿਆਂ ਨਾਲ ਭਰਿਆ ਪਿਆ ਹੈ ਸੰਤ ਰਵਿਦਾਸ ਸਭ ਸਿਤਾਰਿਆਂ ਵਿੱਚ ਧਰੂ ਤਾਰਾ ਹਨ ਇਸ ਲਈ ਕਿ ਸ਼ੂਦਰ ਦੇ ਘਰ ਪੈਦਾ ਹੋ ਕੇ ਵੀ ਕਾਂਸ਼ੀ ਦੇ ਪੰਡਤਾਂ ਨੂੰ ਵੀ ਮੰਨਣ ਲਈ ਮਜਬੂਰ ਕਰ ਦਿੱਤਾ। ਗੁਰੂ ਰਵਿਦਾਸ ਵਿੱਚ ਕੁਝ ਗੱਲ ਹੈ ਕਿ ਪੰਡਤ ਉਹਲਾਂ ਨੂੰ ਪੁੱਟ ਨਹੀਂ ਸਕੇ, ਸਗੋਂ ਸਵੀਕਾਰ ਕਰਨਾ ਪਿਆ। ਉਹਨਾਂ ਦੇ ਵਚਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨਾ।

ਭਾਰਤ ਦੇ ਰਹਿ ਚੁੱਕੇ ਰਾਸ਼ਟਰਪਤੀ ਡਾ: ਆਰ.ਕੇ. ਨਰਾਇਣਨ ਨੇ 28 ਅਗਸਤ 1999 ਨੂੰ ਰਾਸ਼ਟਰਪਤੀ ਭਵਨ 'ਚ ਗੁਰੂ ਰਵਿਦਾਸ ਜੀ ਬਾਰੇ ਕਿਹਾ

Satgur Ravidass was a gread social reformer of medieval era, who preached for spiritual unity, equality and fraternity. His teachings are of more reliavance even today.

ਸੱਚ ਨਾ ਹੁੰਦਾ ਤਾਂ ਸੰਸਾਰ ਜਲ ਉੱਠਦਾ। ਸਮਾਜ ਦੇ ਉਜਵਲ ਭਵਿੱਖ ਲਈ ਸਿੱਖਿਆ, ਸੰਗਠਿਤ ਅਤੇ ਆਪਣੇ ਮਨੁੱਖੀ ਹੱਕਾਂ ਲਈ ਸੰਘਰਸ਼ ਦਾ ਸੰਕਲਪ ਲੈਣ ਦੀ ਲੋੜ ਹੈ।

ਗੁਰੂ ਰਵਿਦਾਸ ਜੀ ਪ੍ਰਮਾਤਮਾ ਦੇ ਅਨੁਆਈ, ਭਗਤ ਸਨ ਉਹ ਰਹਿਨੁਮਾ ਮੰਨਦੇ ਸਨ। ਗੁਰੂ ਸਾਹਿਬ ਨੇ ਜਾਤੀਵਾਦ ਤੇ ਊਚ ਨੀਚ ਖਿਲਾਫ ਪ੍ਰਚਾਰ ਕੀਤਾ।

ਰਵਿਦਾਸ, ਕਬੀਰ, ਨਾਨਕ ਇੱਕ ਦੂਜੇ ਦੇ ਸਮਕਾਲੀ ਮੰਨੇ ਗਏ ਹਨ। ਇਹਨਾਂ ਮਹਾਂਪੁਰਸ਼ਾਂ ਨੇ ਰੂੜੀਵਾਦ ਦਾ ਵਿਰੋਧ ਕਰਕੇ ਮਨੁੱਖੀ ਅਤੇ ਭਾਈਚਾਰੇ ਦਾ ਪ੍ਰਚਾਰ ਪ੍ਰਸਾਰ ਕਰਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਗੁਰੂ ਸਾਹਿਬ ਨੇ ਆਪਣੇ ਅਨੁਭਵੀ ਕਰਮ ਤੋਂ ਵਿਸ਼ਵ ਦੇ ਸਮਾਜ ਨੂੰ ਇੱਕ ਨਵਾਂ ਚਿੰਤਨ ਅਤੇ ਨਵੀਂ ਦਿਸ਼ਾ ਦਿੱਤੀ। ●●

**ਸੰਤੋਖ ਸਿੰਘ ਜੱਸੀ**
ਪਿੰਡ ਤੇ ਡਾਕਖਾਨਾ: ਚੱਕ ਕਲਾਲ
ਤਹਿ :ਬੰਗਾ, ਜ਼ਿਲ੍ਹਾ: ਸ਼ਹੀਦ ਭਗਤ ਸਿੰਘ ਨਗਰ

# AWAZE QAUM TOUR & TRAVEL UK &
## SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ - YATRA SEWA SINCE 2010


# YATRA NANKANA SAHIB

WE WILL ALSO BE VISITING 25+ GURDWARA'S AND HISTORICAL PLACES

## 20 FEBRUARY TO 27 FEBRUARY, 2025

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS






### YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

Yatra Booking, Please contact:

## RAGHBIR SINGH

Tel: +44 7976 210161

### YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

CANADA. +1 647-231-1600 - USA. +1 716-342-6007

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 12 ਫਰਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਕੇਜਰੀਵਾਲ ਤੇ ਸੰਜੇ ਸਿੰਘ ਖਿਲਾਫ਼ ਕਾਰਵਾਈ ਕਰੇਗਾ ACB, ਵਿਧਾਇਕਾਂ ਨੂੰ 15 ਕਰੋੜ ਦੀ ਪੇਸ਼ਕਸ਼ ਦੇ ਦਾਅਵੇ 'ਤੇ ਭੇਜਿਆ ਨੋਟਿਸ, ਮੁੜ ਕਰਨਗੇ ਜੇਲ੍ਹ ਯਾਤਰਾ ?

**ਨਵੀਂ ਦਿੱਲੀ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਆਮ ਆਦਮੀ ਪਾਰਟੀ ਦੇ ਆਗੂਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ। ਇਨ੍ਹਾਂ ਵਿੱਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ਾਮਲ ਹਨ ਸੂਤਰਾਂ ਅਨੁਸਾਰ, ਜੇ ਏਸੀਬੀ ਵੱਲੋਂ ਭੇਜੇ ਗਏ ਨੋਟਿਸ ਦਾ ਕੋਈ ਜਵਾਬ ਨਹੀਂ ਆਉਂਦਾ ਤਾਂ ਇਹ ਕਦਮ ਚੁੱਕਿਆ ਜਾ ਸਕਦਾ ਹੈ। ਜੇ 'ਆਪ' ਵੱਲੋਂ ਕੋਈ ਜਵਾਬ ਨਹੀਂ ਦਿੱਤਾ ਜਾਂਦਾ ਹੈ ਤਾਂ ਏਸੀਬੀ ਦਿੱਲੀ ਪੁਲਿਸ ਨੂੰ ਪੱਤਰ ਲਿਖੇਗੀ ਅਤੇ ਇਨ੍ਹਾਂ ਆਗੂਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕਰੇਗੀ। ਇਸ ਤੋਂ ਪਹਿਲਾਂ 7 ਫਰਵਰੀ ਨੂੰ ਏਸੀਬੀ ਦੀ ਟੀਮ ਜਾਂਚ ਲਈ ਅਰਵਿੰਦ ਕੇਜਰੀਵਾਲ, ਸੰਸਦ ਮੈਂਬਰ ਸੰਜੇ ਸਿੰਘ ਅਤੇ ਮੁਕੇਸ਼ ਅਹਲਾਵਤ ਦੇ ਘਰਾਂ 'ਤੇ ਪਹੁੰਚੀ ਸੀ। ਕੇਜਰੀਵਾਲ ਦੇ ਘਰ ਦੀ ਲਗਭਗ ਡੇਢ ਘੰਟੇ ਜਾਂਚ ਕੀਤੀ, ਕਾਨੂੰਨੀ ਨੋਟਿਸ ਦਿੱਤਾ ਤੇ ਚਲੇ ਗਏ। ਦਿੱਲੀ ਚੋਣ ਨਤੀਜਿਆਂ ਤੋਂ ਇੱਕ ਦਿਨ ਪਹਿਲਾਂ, ਕੇਜਰੀਵਾਲ ਨੇ ਦਾਅਵਾ ਕੀਤਾ ਸੀ ਕਿ ਭਾਜਪਾ ਉਨ੍ਹਾਂ ਦੇ ਵਿਧਾਇਕਾਂ ਅਤੇ ਉਮੀਦਵਾਰਾਂ ਨੂੰ ਫ਼ੋਨ 'ਤੇ 15-15 ਕਰੋੜ ਰੁਪਏ ਦੀ ਪੇਸ਼ਕਸ਼ ਕਰ ਰਹੀ ਹੈ। ਇਸ ਤੋਂ ਬਾਅਦ ਭਾਜਪਾ ਨੇ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੂੰ ਪੱਤਰ ਲਿਖ ਕੇ ਦੋਸ਼ਾਂ ਦੀ ਜਾਂਚ ਦੀ ਮੰਗ ਕੀਤੀ ਸੀ। ਜਾਂਚ ਦੀ ਜ਼ਿੰਮੇਵਾਰੀ ACB ਨੂੰ ਸੌਂਪੀ ਸੀ।

## ਬ੍ਰਿਟੇਨ ਵੀ ਟਰੰਪ ਦੇ ਰਾਹ 'ਤੇ

# 19 ਹਜ਼ਾਰ ਪ੍ਰਵਾਸੀਆਂ ਨੂੰ ਦਿਖਾਇਆ ਦੇਸ਼ ਤੋਂ ਬਾਹਰ ਦਾ ਰਸਤਾ

**ਲੰਡਨ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਵਿੱਚ ਲੇਬਰ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਲਗਭਗ 19,000 ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਅਪਰਾਧੀਆਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਗਿਆ ਹੈ। ਬ੍ਰਿਟਿਸ਼ ਸਰਕਾਰ ਵੱਲੋਂ ਇਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦਾ ਇੱਕ ਵੀਡੀਓ ਵੀ ਜਾਰੀ ਕੀਤਾ ਗਿਆ ਹੈ। ਇਹ ਮੁਹਿੰਮ ਦੇਸ਼ ਭਰ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸ਼ੁਰੂ ਕੀਤੀ ਗਈ ਹੈ।




ਅਮਰੀਕਾ ਨੇ ਹਾਲ ਹੀ ਵਿੱਚ ਬ੍ਰਾਜ਼ੀਲ, ਭਾਰਤ ਅਤੇ ਮੈਕਸੀਕੋ ਸਮੇਤ ਕਈ ਦੇਸ਼ਾਂ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢ ਦਿੱਤਾ ਹੈ। ਹੁਣ ਡੋਨਾਲਡ ਟਰੰਪ ਵਰਗੀ ਕਾਰਵਾਈ ਬ੍ਰਿਟੇਨ ਵਿੱਚ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀਆਂ ਅਤੇ ਅਪਰਾਧੀਆਂ ਵਿਰੁੱਧ ਸ਼ੁਰੂ ਹੋ ਗਈ ਹੈ। ਬ੍ਰਿਟੇਨ ਵਿੱਚ ਲੇਬਰ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਲਗਭਗ 19,000 ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਅਪਰਾਧੀਆਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਗਿਆ ਹੈ। ਬ੍ਰਿਟਿਸ਼ ਸਰਕਾਰ ਵੱਲੋਂ ਇਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦਾ ਇੱਕ ਵੀਡੀਓ ਵੀ ਜਾਰੀ ਕੀਤਾ ਗਿਆ ਹੈ। ਇਹ ਮੁਹਿੰਮ ਦੇਸ਼ ਭਰ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸ਼ੁਰੂ ਕੀਤੀ ਗਈ ਹੈ। ਇਸ ਲਈ ਛਾਪੇਮਾਰੀ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਗੈਰ-ਕਾਨੂੰਨੀ ਪ੍ਰਵਾਸੀ ਮਿਲੇ। ਇਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਇਸ ਮੁਹਿੰਮ ਤਹਿਤ ਭਾਰਤੀ ਰੈਸਟੋਰੈਂਟਾਂ, ਨੇਲ ਬਾਰਾਂ, ਸਟੋਰਾਂ ਅਤੇ ਕਾਰ ਵਾਸ਼ਾਂ ਵਿੱਚ ਛਾਪੇਮਾਰੀ ਕੀਤੀ ਗਈ ਹੈ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੁਜ਼ਗਾਰ ਦੇਣ ਦੀਆਂ ਸ਼ਿਕਾਇਤਾਂ ਮਿਲੀਆਂ ਸੀ। ਬ੍ਰਿਟਿਸ਼ ਗ੍ਰਹਿ ਮੰਤਰੀ ਵੈਥੇ ਕੂਪਰ ਨੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਨੇ ਜਨਵਰੀ ਵਿੱਚ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ ਸੀ।

ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਕੁੱਲ 19,000 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਸਿਰਫ਼ ਜਨਵਰੀ ਮਹੀਨੇ ਵਿੱਚ ਹੀ 828 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਅਤੇ 609 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਪਿਛਲੇ ਸਾਲ ਜਨਵਰੀ ਦੀ ਗਿਣਤੀ ਨਾਲੋਂ 73 ਪ੍ਰਤੀਸ਼ਤ ਵੱਧ ਸੀ। ਇਕੱਲੇ ਹੰਬਰਸਾਈਡ ਦੇ ਇੱਕ ਭਾਰਤੀ ਰੈਸਟੋਰੈਂਟ ਵਿੱਚ ਛਾਪੇਮਾਰੀ ਤੋਂ ਬਾਅਦ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ 4 ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

## ਕਿਸਾਨਾਂ ਨੇ ਲੰਡਨ 'ਚ ਕਰ 'ਤਾ ਚੱਕਾ ਜਾਮ ! ਬ੍ਰਿਟਿਸ਼ ਸਰਕਾਰ ਦੇ ਇਸ ਫੈਸਲੇ 'ਤੇ ਭੜਕਿਆ ਗੁੱਸਾ

**ਲੰਡਨ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਵਿਚ ਕੀਅਰ ਸਟਾਰਮਰ ਦੀ ਲੇਬਰ ਸਰਕਾਰ ਦੇ ਵਿਰੋਧ ਵਿਚ ਹਜ਼ਾਰਾਂ ਕਿਸਾਨਾਂ ਨੇ ਟਰੈਕਟਰ ਰੈਲੀ ਕੱਢ ਕੇ ਚੱਕਾ ਜਾਮ ਕੀਤਾ। ਕਿਸਾਨ ਲੇਬਰ ਸਰਕਾਰ ਦੀ ਉੱਤਰਾਧਿਕਾਰ ਯੋਜਨਾ ਦਾ ਵਿਰੋਧ ਕਰ ਰਹੇ ਹਨ, ਜੋ ਕਿ ਇਕ ਮਿਲੀਅਨ ਪਾਊਂਡ (ਤਕਰੀਬਨ 11 ਕਰੋੜ ਰੁਪਏ) ਤੋਂ ਵਧੇਰੇ ਦੇ ਖੇਤੀ ਭੂਮੀ ਉੱਤੇ 20 ਫੀਸਦੀ ਟੈਕਸ ਲਾਉਂਦੀ ਹੈ। ਇਸ ਨਾਲ ਪਰਿਵਾਰਿਕ ਫਰਮਾਂ ਉੱਤੇ ਟੈਕਸ ਛੋਟ ਖਤਮ ਹੋ ਜਾਵੇਗੀ। ਸਰਕਾਰ ਨੇ ਬਜਟ ਵਿਚ ਐਲਾਨ ਕੀਤਾ ਸੀ ਕਿ ਅਪ੍ਰੈਲ 2026 ਤੋਂ ਇਕ ਯੋਜਨਾ ਲਾਗੂ ਹੋਵੇਗੀ। ਇਸ ਮੁੱਦੇ ਉੱਤੇ 1.48 ਲੱਖ ਤੋਂ ਵਧੇਰੇ ਲੋਕਾਂ ਨੇ ਈ-ਪਟੀਸ਼ਨ ਉੱਤੇ ਦਸਤਖਤ ਕੀਤੇ ਹਨ। ਇਹ ਰੈਲੀ ਸੇਵ ਬ੍ਰਿਟਿਸ਼ ਫਾਰਮਿੰਗ ਨੇ ਆਯੋਜਿਤ ਕੀਤੀ ਸੀ। ਵਿਰੋਧੀ ਧਿਰ ਨੇਤਾ ਨਿਗੇਲ ਫਰਾਜ਼ ਨੇ ਪ੍ਰਧਾਨ ਮੰਤਰੀ ਸਟਾਰਮਰ ਤੋਂ ਇਸ ਫੈਸਲੇ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਦੀ ਮੰਗ ਕੀਤੀ ਹੈ। ਸਰਕਾਰ ਨੇ ਪ੍ਰਤੀਕਿਰਿਆ ਵਿਚ ਕਿਹਾ ਕਿ ਕਿਸਾਨਾਂ ਪ੍ਰਤੀ ਵਚਨਬੱਧਤਾ ਅਡੋਲ ਹੈ, ਪਰ ਜਨਤਕ ਵਿੱਤ ਨੂੰ ਸੰਤੁਲਿਤ ਕਰਨ ਲਈ ਸੁਧਾਰ ਲੋੜੀਂਦੇ ਹਨ। ਦੱਸ ਦਈਏ ਕਿ ਕਿਸਾਨਾਂ ਨੇ ਇਸ ਦੇ ਵਿਰੋਧ ਵਿਚ ਸੈਂਟਰਲ ਲੰਡਨ ਵਿਚ ਵੱਡੀ ਰੈਲੀ ਕੱਢੀ। ਦੱਸਿਆ ਜਾ ਰਿਹਾ ਹੈ ਕਿ ਇਸ ਰੈਲੀ ਵਿਚ ਕਿਸਾਨਾਂ ਨੇ 1000 ਤੋਂ ਵਧੇਰੇ ਟਰੈਕਟਰਾਂ ਨਾਲ ਮਾਰਚ ਕੀਤਾ। ਇਸ ਦੌਰਾਨ ਲੰਡਨ ਦੀ ਆਵਾਜਾਈ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਗਈ।




## 25 ਫਰਵਰੀ ਨੂੰ ਲੈ ਕੇ ਪੰਜਾਬ ਵਿਚ ਹੋ ਗਿਆ ਵੱਡਾ ਐਲਾਨ, ਹਲਚਲ ਵਧੀ

**ਪਟਿਆਲਾ/ਸਨੌਰ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਐੱਮ. ਐੱਸ. ਪੀ. ਸਮੇਤ 12 ਮੰਗਾਂ ਨੂੰ ਲੈ ਕੇ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਸੰਘਰਸ਼ ਦੀ ਅਗਲੀ ਕੜੀ 'ਚ ਅੱਜ 11 ਫਰਵਰੀ ਨੂੰ ਰਤਨਪੁਰਾ ਮੋਰਚੇ ਉੱਪਰ ਕਿਸਾਨ ਮਹਾਪੰਚਾਇਤ ਹੋਵੇਗੀ। ਉੱਧਰ ਸ਼ੰਭੂ ਬਾਰਡਰ 'ਤੇ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਅਤੇ ਹੋਰ ਨੇਤਾਵਾਂ ਨੇ ਐਲਾਨ ਕੀਤਾ ਕਿ 14 ਫਰਵਰੀ ਨੂੰ ਚੰਡੀਗੜ੍ਹ 'ਚ ਜੇਕਰ ਕੇਂਦਰ ਨਾਲ ਬੈਠਕ ਬੇਨਤੀਜਾ ਰਹੀ ਤਾਂ 25 ਫਰਵਰੀ ਨੂੰ ਕਿਸਾਨਾਂ ਦਾ ਜਥਾ ਦਿੱਲੀ ਵਲ ਪੈਦਲ ਮਾਰਚ ਕਰੇਗਾ। 12 ਫਰਵਰੀ ਨੂੰ ਖਨੌਰੀ ਬਾਰਡਰ ਵਿਖੇ ਕਿਸਾਨਾਂ ਦੀ ਮਹਾਪੰਚਾਇਤ ਹੋ ਰਹੀ ਹੈ ਅਤੇ 12 ਫਰਵਰੀ ਨੂੰ ਹੀ ਤਿੰਨੇ ਕਿਸਾਨ ਗਰੁੱਪਾਂ ਵਿਚਕਾਰ ਇਕ ਏਕਤਾ ਲਈ ਸਾਂਝੀ ਮੀਟਿੰਗ ਵੀ ਕੀਤੀ ਜਾ ਰਹੀ ਹੈ। ਪੰਧੇਰ ਨੇ ਕਿਹਾ ਕਿ 13 ਫਰਵਰੀ ਨੂੰ ਸ਼ੰਭੂ ਮੋਰਚੇ ਵਿਖੇ ਮਹਾਪੰਚਾਇਤ ਦੀਆਂ ਤਿਆਰੀਆਂ ਮੁਕੰਮਲ ਹਨ। ਸੰਯੁਕਤ ਕਿਸਾਨ ਮੋਰਚੇ ਵਲੋਂ 12 ਫਰਵਰੀ ਨੂੰ ਸੱਦੀ ਗਈ ਮੀਟਿੰਗ 'ਚ ਦਿੱਲੀ ਅੰਦੋਲਨ-2 ਵਲੋਂ ਆਗੂਆਂ ਦਾ ਵਫ਼ਦ ਚੰਡੀਗੜ੍ਹ ਦੇ ਕਿਸਾਨ ਭਵਨ 'ਚ ਜਾ ਰਿਹਾ ਹੈ। ਅਸੀਂ ਸਮੁੱਚੀ ਏਕਤਾ ਦੇ ਹਾਮੀ ਹਾਂ ਪਰ ਕਿਸ ਤਰ੍ਹਾਂ ਦੀ ਏਕਤਾ ਉੱਪਰ ਸਹਿਮਤੀ ਬਣਦੀ ਹੈ, ਇਹ ਮੀਟਿੰਗ 'ਚ ਹੀ ਤੈਅ ਹੋਵੇਗਾ। ਉਨ੍ਹਾਂ ਕਿਹਾ ਕਿ 14 ਫਰਵਰੀ ਨੂੰ ਚੰਡੀਗੜ੍ਹ 'ਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ 'ਚ ਅਸੀਂ ਸ਼ਿਰਕਤ ਕਰਾਂਗੇ, ਹਾਲਾਂਕਿ ਸਰਕਾਰ ਦੇ ਮਨਸ਼ੇ ਇਸ ਵਾਰ ਦੇ ਬਜਟ ਪੇਸ਼ ਕਰਨ ਵੇਲੇ ਵੀ ਸਾਫ਼ ਹੋ ਚੁੱਕੇ ਹਨ ਪਰ ਅਸੀਂ ਕਦੇ ਵੀ ਗੱਲ ਕਰਨ ਤੋਂ ਪਿੱਛੇ ਨਹੀਂ ਹਟੇ। ਉਨ੍ਹਾਂ ਕਿਹਾ ਕਿ 13 ਫਰਵਰੀ ਨੂੰ ਮੋਰਚੇ ਦਾ ਇਕ ਸਾਲ ਪੂਰਾ ਹੋਣ ਮੌਕੇ ਦੇਸ਼ ਭਰ ਦੀਆਂ ਜਥੇਬੰਦੀਆਂ ਦੇ ਆਗੂ ਸ਼ੰਭੂ ਪਹੁੰਚ ਰਹੇ ਹਨ। ਪੰਜਾਬ ਹਰਿਆਣਾ ਸਮੇਤ ਉੱਤਰੀ ਭਾਰਤ ਦੇ ਕਿਸਾਨ-ਮਜ਼ਦੂਰ ਵੀ ਵੱਡੀ ਗਿਣਤੀ 'ਚ ਮੋਰਚੇ 'ਚ ਸ਼ਾਮਲ ਹੋਣ ਜਾ ਰਹੇ ਹਨ। ਜੇਕਰ ਸਰਕਾਰ ਵਲੋਂ 14 ਦੀ ਮੀਟਿੰਗ 'ਚ ਕੋਈ ਸੁਚੱਜਾ ਹੱਲ ਨਹੀਂ ਕੱਢਿਆ ਜਾਂਦਾ ਤਾਂ 25 ਫਰਵਰੀ ਨੂੰ ਸ਼ੰਭੂ ਬਾਰਡਰ ਮੋਰਚੇ ਤੋਂ ਜਥਾ ਦਿੱਲੀ ਨੂੰ ਪੈਦਲ ਕੂਚ ਕਰੇਗਾ। ਇਸ ਮੌਕੇ ਜਸਵਿੰਦਰ ਸਿੰਘ ਲੌਂਗੋਵਾਲ, ਜੰਗ ਸਿੰਘ ਭਟੇੜੀ, ਗੁਰਅਮਨੀਤ ਮਾਂਗਟ, ਹਰਜੀਤ ਸਿੰਘ ਮਾਂਗਟ, ਬਲਕਾਰ ਸਿੰਘ ਬੈਂਸ, ਹਰਪ੍ਰੀਤ ਸਿੰਘ ਬਹਿਰਾਮਕੇ, ਜਰਮਨਜੀਤ ਸਿੰਘ ਬੰਡਾਲਾ, ਬਾਜ਼ ਸਿੰਘ ਸਰੰਗੜਾ, ਸੁਖਦੇਵ ਸਿੰਘ ਚਾਟੀਵਿੰਡ, ਬਲਦੇਵ ਸਿੰਘ ਬੱਗਾ, ਕੰਧਾਰ ਸਿੰਘ ਭੋਏਵਾਲ ਸਮੇਤ ਸੈਂਕੜੇ ਕਿਸਾਨ ਮਜ਼ਦੂਰ ਹਾਜ਼ਰ ਰਹੇ। ਖਨੌਰੀ ਕਿਸਾਨ ਮੋਰਚੇ ਉੱਪਰ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 78ਵੇਂ ਦਿਨ ਵੀ ਜਾਰੀ ਰਿਹਾ। 7 ਦਿਨਾਂ ਬਾਅਦ ਡਾਕਟਰਾਂ ਦੀ ਅਣਥੱਕ ਮਿਹਨਤ ਤੋਂ ਬਾਅਦ ਉਨ੍ਹਾਂ ਨੂੰ ਡ੍ਰਿਪ ਰਾਹੀਂ ਮੈਡੀਕਲ ਸਹਾਇਤਾ ਸ਼ੁਰੂ ਕੀਤੀ ਗਈ। ਜ਼ਿਕਰਯੋਗ ਹੈ ਕਿ ਦੋਹਾਂ ਹੱਥਾਂ ਦੀਆਂ ਸਾਰੀਆਂ ਨਾੜੀਆਂ ਬੰਦ ਹੋਣ ਕਾਰਨ ਪਿਛਲੇ 6 ਦਿਨਾਂ ਤੋਂ ਉਨ੍ਹਾਂ ਦੀ ਡਾਕਟਰੀ ਸਹਾਇਤਾ ਬੰਦ ਸੀ। ਕਿਸਾਨ ਆਗੂਆਂ ਨੇ ਦੱਸਿਆ ਕਿ 11 ਫਰਵਰੀ ਨੂੰ ਰਤਨਪੁਰਾ ਮੋਰਚੇ 'ਚ ਹੋਣ ਵਾਲੀ ਕਿਸਾਨ ਮਹਾਪੰਚਾਇਤ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਅਤੇ ਭਲਕੇ ਰਾਜਸਥਾਨ ਅਤੇ ਹਰਿਆਣਾ ਤੋਂ ਹਜ਼ਾਰਾਂ ਕਿਸਾਨ ਰਤਨਾਪੁਰਾ ਮੋਰਚੇ 'ਚ ਪੁੱਜਣਗੇ।



## ਕੇਜਰੀਵਾਲ ਨੇ ਕੀਤੀ ਆਪ ਪਾਰਟੀ ਦੇ ਵਿਧਾਇਕਾਂ, ਮੰਤਰੀਆਂ ਅਤੇ ਸੰਸਦ ਮੈਂਬਰਾਂ ਨਾਲ ਮੀਟਿੰਗ

### ਅਸੀਂ ਅਜਿਹਾ ਪੰਜਾਬ ਮਾਡਲ ਬਣਾਵਾਂਗੇ ਜਿਸਨੂੰ ਪੂਰਾ ਦੇਸ਼ ਦੇਖੇਗਾ: ਭਗਵੰਤ ਮਾਨ

**ਨਵੀਂ ਦਿੱਲੀ 11 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਕਪੂਰਥਲਾ ਹਾਊਸ ਵਿਖੇ ਪੰਜਾਬ ਦੇ ਵਿਧਾਇਕਾਂ, ਮੰਤਰੀਆਂ ਅਤੇ ਸੰਸਦ ਮੈਂਬਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਆਗੂਆਂ ਨੇ ਕੇਜਰੀਵਾਲ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਅਤੇ ਲਗਭਗ 35 ਵਿਧਾਇਕਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ।

ਮੁੱਖ ਮੰਤਰੀ ਭਗਵੰਤ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਆਗੂਆਂ ਦੀ ਸਖ਼ਤ ਮਿਹਨਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਇੱਕ ਰਣਨੀਤੀ ਤਿਆਰ ਕੀਤੀ ਗਈ ਹੈ ਕਿ ਪੰਜਾਬ ਵਿੱਚ ਵਿਕਾਸ ਦਾ ਅਜਿਹਾ ਮਾਡਲ ਤਿਆਰ ਕੀਤਾ ਜਾਵੇਗਾ ਜੋ ਆਮ ਆਦਮੀ ਦੁਆਰਾ ਪੂਰੇ ਦੇਸ਼ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਦੇ ਲਈ ਕੇਜਰੀਵਾਲ ਨੇ ਸਾਰੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਇਲਾਕੇ ਦਾ ਦੌਰਾ ਕਰਨ ਅਤੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ 'ਤੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਭਗਵੰਤ ਮਾਨ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਦਿੱਲੀ ਦੀ ਟੀਮ ਵੀ ਮੌਜੂਦ ਸੀ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਅਜੇ ਦੋ ਸਾਲ ਬਾਕੀ ਹਨ। ਇਨ੍ਹਾਂ ਦੋ ਸਾਲਾਂ ਵਿੱਚ, ਅਸੀਂ ਪੰਜਾਬ ਨੂੰ ਇੱਕ ਅਜਿਹਾ ਮਾਡਲ ਬਣਾਵਾਂਗੇ ਜੋ ਅਸੀਂ ਪੂਰੇ ਦੇਸ਼ ਨੂੰ ਦਿਖਾਵਾਂਗੇ। ਸ਼ਹਿਰ ਤੋਂ ਪਿੰਡ ਤੱਕ, ਕਾਰੋਬਾਰ ਤੋਂ ਕਿਸਾਨਾਂ ਤੱਕ, ਵਿਕਾਸ ਹੋਵੇਗਾ। ਪੰਜਾਬ ਨੂੰ ਵਿਕਾਸ ਦਾ ਮਾਡਲ ਬਣਾਇਆ ਜਾਵੇਗਾ। ਅੱਜ ਦੇਸ਼ ਦੀਆਂ ਵੱਡੀਆਂ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰ ਰਹੀਆਂ ਹਨ, ਜਿਸ ਕਾਰਨ ਲੋਕਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ। ਤਿੰਨ ਸਾਲਾਂ ਵਿੱਚ, 50 ਹਜ਼ਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਭ੍ਰਿਸ਼ਟਾਚਾਰ ਦੇ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਭਗਵੰਤ ਮਾਨ ਨੇ ਭਾਜਪਾ 'ਤੇ ਦਿੱਲੀ ਚੋਣਾਂ ਵਿੱਚ ਗੁੰਡਾਗਰਦੀ ਅਤੇ ਵੋਟਰਾਂ ਵਿੱਚ ਪੈਸੇ ਵੰਡਣ ਦਾ ਵੀ ਦੋਸ਼ ਲਗਾਇਆ। ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਦੋਸ਼ ਲਗ ਰਿਹਾ ਹੈ ਕਿ ਅਰਵਿੰਦ ਕੇਜਰੀਵਾਲ ਭਗਵੰਤ ਮਾਨ ਨਾਲ ਮਿਲ ਕੇ ਖੁਦ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦੀ ਸਾਜ਼ਿਸ਼ ਰਚ ਰਹੇ ਹਨ। ਇਸ 'ਤੇ ਮਾਨ ਨੇ ਹੱਸਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਕਹਿਣ ਦਿਓ। ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦੇ ਵਾਅਦੇ 'ਤੇ ਉਨ੍ਹਾਂ ਕਿਹਾ ਕਿ ਅਸੀਂ ਗਰੰਟੀ ਦਿੱਤੀ ਹੈ। ਮੈਂ ਇਸਨੂੰ ਜ਼ਰੂਰ ਪੂਰਾ ਕਰਾਂਗਾ। ਪੰਜਾਬ ਸਰਕਾਰ ਦੇ ਮੰਤਰੀ ਤਨਪ੍ਰੀਤ ਸਿੰਘ ਸ਼ੌਂਧ ਨੇ ਕਿਹਾ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਕੇਜਰੀਵਾਲ ਬਹੁਤ ਸਕਾਰਾਤਮਕ ਹਨ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਨੂੰ ਬਾਕੀ ਸਾਰੇ ਰਾਜਾਂ ਨਾਲੋਂ ਵੱਧ ਵਿਕਸਤ ਕਿਵੇਂ ਕੀਤਾ ਜਾਵੇ ਤਾਂ ਜੋ ਇਸਦਾ ਮਾਡਲ ਦੇਸ਼ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਇਹ ਬਕਵਾਸ ਹੈ ਕਿ ਕੇਜਰੀਵਾਲ ਆਪਣੇ ਆਪ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਲਈ ਭਗਵੰਤ ਮਾਨ ਵਿਰੁੱਧ ਸਾਜ਼ਿਸ਼ ਰਚ ਰਿਹਾ ਹੈ।




ਕੇਜਰੀਵਾਲ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਅਤੇ ਲਗਭਗ 35 ਵਿਧਾਇਕਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਕੀਤਾ ਗਿਆ ਰੱਦ

# ਧੰਨ ਧੰਨ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਜੀ



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ
ਵਾਲਿਆਂ ਦੇ ਜਨਮ ਅਸਥਾਨ ਗੁ: ਸੰਤ ਖਾਲਸਾ ਪਿੰਡ ਰੋਡੇ ਵਿਖੇ
ਸਲਾਨਾ ਮਹਾਨ
ਗੁਰਮਤਿ ਸਮਾਗਮ
ਮਿਤੀ 16 ਫਰਵਰੀ ਤੋਂ 22 ਫਰਵਰੀ 2025 ਤੱਕ-ਸਮਾਂ ਸ਼ਾਮ 4 ਵਜੇ ਤੋਂ ਸ਼ਾਮ 6 ਵਜੇ ਤੱਕ
ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਸਿੰਘ ਸਾਹਿਬਾਨ ਅਤੇ ਮਹਾਂਪੁਰਸ਼
16, 17 ਫਰਵਰੀ
ਗਿਆਨੀ ਬਲਵਿੰਦਰ ਸਿੰਘ ਜੀ (ਰੋਡੇ) ਹੈੱਡ ਗ੍ਰੰਥੀ ਗੁ: ਸੰਤ ਖਾਲਸਾ
19 ਫਰਵਰੀ
ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ
20 ਫਰਵਰੀ
ਗਿਆਨੀ ਚਰਨਜੀਤ ਸਿੰਘ ਹੈਡ ਗ੍ਰੰਥੀ ਗੁ: ਅੰਬ ਸਾਹਿਬ ਮੋਹਾਲੀ
21 ਫਰਵਰੀ
ਕਵੀਸ਼ਰ ਭਾਈ ਗੁਰਮੁਖ ਸਿੰਘ ਐਮ.ਏ.
22 ਫਰਵਰੀ
ਗਿਆਨੀ ਨਿਰਮਲ ਸਿੰਘ ਜੀ (ਧੂਤਕੋਟ ਵਾਲੇ)
22 ਫਰਵਰੀ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ (ਰੋਡੇ)
ਨਗਰ ਕੀਰਤਨ
18 ਫਰਵਰੀ 2025 ਦਿਨ ਮੰਗਲਵਾਰ
ਕਵੀਸ਼ਰੀ ਜੱਥਾ ਜਗਜੀਵਨ ਸਿੰਘ ਰੋਡਿਆਂ ਵਾਲੇ
ਇੱਥੇ ਵਿੱਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਅਤੇ ਕਥਾ, ਕੀਰਤਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।
ਵਿਸ਼ੇਸ਼ ਨੋਟ: ਹਰ ਸੰਗਰਾਂਦ ਵਾਲੇ ਦਿਨ ਅੰਮ੍ਰਿਤ ਸੰਚਾਰ ਹੁੰਦਾ ਹੈ ਜੀ (ਸਮਾਂ ਸਵੇਰੇ 10:00 ਵਜੇ)
ਬੇਨਤੀ ਕਰਤਾ:- ਸਮੂਹ ਨਗਰ ਨਿਵਾਸੀ, ਨਗਰ ਪੰਚਾਇਤਾਂ ਅਤੇ NRI ਵੀਰ
M. 99157-09468, 97815-52538, 98140-29018


ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ
ਲੋੜਵੰਦ ਪਰਿਵਾਰਾਂ ਦੀਆਂ
72 ਬੱਚੀਆਂ ਦੇ ਸਮੂਹਿਕ ਆਨੰਦ ਕਾਰਜ
51 ਬੱਚੀਆਂ ਦੇ ਅਨੰਦ ਕਾਰਜ
ਮਿਤੀ 12 ਫਰਵਰੀ 2025
ਸਥਾਨ:-
ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ
21 ਬੱਚੀਆਂ ਦੇ ਅਨੰਦ ਕਾਰਜ
ਮਿਤੀ 23 ਫਰਵਰੀ 2025
ਸਥਾਨ:-
ਗੁਰਦੁਆਰਾ ਗੁਰੂ ਗੁੰਬਸਰ ਦਾਦੂ ਸਾਹਿਬ ਸਿਰਸਾ
ਹਰ ਸਾਲ ਦੀ ਤਰਾਂ ਬੱਚੀਆਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ
ਸਾਜੋ ਸਮਾਨ ਦੇ ਕੇ ਵਿਦਾ ਕੀਤਾ ਜਾਵੇਗਾ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਬੱਚੀਆਂ ਦੇ ਨਾਮ ਦਰਜ ਕਰਾਉਣ ਲਈ ਹੇਠ ਲਿਖੇ
ਨੰਬਰਾਂ ਤੇ ਸੰਪਰਕ ਕੀਤਾ ਜਾਵੇ ਜੀ
93560-60960, 81468-06395, 80540-55473
ਬੇਨਤੀ ਕਰਤਾ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਸੁੱਖ ਸੇਵਾ ਸਿਮਰਨ ਟਰੱਸਟ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਆਜ਼ਾਦ ਅਤੇ ਸਮੂੰਹ ਸਾਧ ਸੰਗਤ





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com





# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

### ਪਾਕਿਸਤਾਨ ਵਿਅਕਤੀ ਨੇ ਸੰਯੁਕਤ ਰਾਸ਼ਟਰ ਦੇ ਚਾਰਟਰ ਵਿੱਚ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸ਼ਬਦ ਦਰਜ ਕਰਵਾ ਕੇ ਸਿੱਖ ਕੌਮ ਦਾ ਨਾਂ ਉੱਚਾ ਕੀਤਾ

**ਦੁਨੀਆਂ** ਦੇ ਸਮੂਹ ਦੇਸ਼ਾਂ ਦੀ ਸਾਂਝੀ ਸੰਸਥਾ ਸੰਯੁਕਤ ਰਾਸ਼ਟਰ ਜਿਸ ਦਾ ਮੁੱਖ ਮਕਸਦ ਹੈ ਅੰਤਰਰਾਸ਼ਟਰੀ ਅਮਨ ਬਣਿਆ ਰਹੇ ਤਾਂ ਜੋ ਵਿਸ਼ਵ ਰਾਜਨੀਤਿਕ, ਸਮਾਜਿਕ ਤੇ ਆਰਥਿਕ ਪ੍ਰਗਤੀ ਲਈ ਸਹਿਯੋਗ ਮਿਲ ਸਕੇ । ਭਾਰਤ ਸਮੇਤ 193 ਮੁਲਕ ਇਸ ਵਿੱਚ ਮੈਂਬਰ ਹਨ । ਸਿੱਧੇ ਸ਼ਬਦਾਂ ਵਿੱਚ ਇਹ ਸਿਰਫ ਦੇਸ਼ਾਂ ਦੀ ਸੰਸਥਾ ਹੈ ਨਾ ਕਿ ਕੌਮਾਂ ਜਾਂ ਧਰਮਾਂ ਦੀ ਸੰਸਥਾ ਹੈ । ਇਸ ਕਰਕੇ

ਆਵਾਜ਼ਿ ਕੌਮ AWAZE QAUM International Newspaper & WEB TV



ਸਿੱਖ ਕੌਮ ਕੋਲ ਕੋਈ ਦੇਸ਼ ਨਹੀਂ ਹੈ । ਇਸ ਲਈ ਇਸ ਦੀ ਦੇਸ਼ਾਂ ਵਿੱਚ ਨੁਮਾਇੰਦਗੀ ਨਹੀਂ ਹੈ ਪਰ ਮਾਨਵਤਾ ਦੇ ਰਹਿਬਰ ਵਜੋਂ ਜਾਣੇ ਜਾਂਦੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸ਼ਬਦ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਚਾਰਟਰ ਵਿੱਚ ਦਰਜ ਕਰਵਾਏ ਗਏ ਹਨ ਅਤੇ ਉਹ ਵੀ ਪਾਕਿਸਤਾਨ ਮੂਲ ਦੇ ਇੱਕ ਮੁਸਲਮਾਨ ਵੀਰ, ਡਾਕਟਰ ਇਕਤਿਦਾਰ ਚੀਮਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸ਼ਬਦਾਂ ਨੂੰ ਸੰਯੁਕਤ ਰਾਸ਼ਟਰ ਦੇ ਚਾਰਟਰ ਵਿੱਚ ਦਰਜ ਕਰਵਾ ਕੇ ਉਹ ਕਾਰਜ ਕਰ ਦਿੱਤਾ ਗਿਆ ਹੈ ਜੋ ਕਿ ਵੱਡੇ-ਵੱਡੇ ਸਿੱਖ ਪ੍ਰਚਾਰਕਾਂ ਜਾਂ ਸਿੱਖਾਂ ਦੇ ਵੱਡੇ ਲੀਡਰਾਂ ਵੱਲੋਂ ਵੀ ਨਹੀਂ ਕੀਤਾ ਗਿਆ । ਡਾਕਟਰ ਚੀਮਾ ਨੇ ਦੱਸਿਆ ਕਿ 'ਯੂਨਾਈਟਿਡ ਨੇਸ਼ਨ ਹਿਊਮਨ ਰਾਈਟਸ' ਗੂਗਲ ਕਰੋ ਤਾਂ ਪੂਰਾ ਦਸਤਾਵੇਜ਼ ਮਿਲ ਜਾਵੇਗਾ।

ਉਹਨਾਂ ਨਾਲ ਬਹੁਤ ਸਾਰੇ ਦੋਸਤਾਂ ਨੇ ਸੰਪਰਕ ਕੀਤਾ ਤੇ ਕਿਹਾ ਕਿ ਮੈਂ ਛੋਟੀ ਵੀਡੀਓ ਰਿਲੀਜ਼ ਕਰਾਂ। ਯੂਨਾਈਟਿਡ ਨੇਸ਼ਨ ਨੇ ਇੱਕ ਨਵਾਂ ਚਾਰਟਰ ਫੁੱਲਫੇਥ ਰਾਈਟ ਦੇ ਨਾਂ ਨਾਲ ਬਣਾਇਆ। ਇਸ ਦਾ ਮਕਸਦ ਸੀ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਿਸ ਤਰ੍ਹਾਂ ਧਾਰਮਿਕ ਆਗੂ ਤੇ ਧਰਮ ਕਰ ਸਕਦੇ ਹਨ। ਡਾਕਟਰ ਚੀਮਾ ਡਰਾਫਟ ਕਮੇਟੀ ਦੇ ਚੇਅਰਮੈਨ ਸਨ। ਯੂਨਾਈਟਿਡ ਨੇਸ਼ਨ ਲੋਕਾਂ ਦੀ ਆਗੂ ਨਹੀਂ, ਉਹ ਮੁਲਕਾਂ ਦੀ ਆਗੂ ਹੈ। ਹਰੇਕ ਦੇਸ਼ ਨੇ ਆਪਣੇ-ਆਪਣੇ ਧਰਮਾਂ ਨੂੰ ਕੁਰਾਨ, ਤੋਰੈਤ (ਤੋਰਾ ),ਬਾਈਬਲ ਨੂੰ ਯੂਨਾਈਟਿਡ ਨੇਸ਼ਨ ਵਿੱਚ ਦਰਜ ਕਰਵਾਇਆ ਹੈ, ਪਰ ਸਿੱਖ ਧਰਮ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਹੈ । ਡਾਕਟਰ ਸਾਹਿਬ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਚਾਰਟਰ ਵਿੱਚ ਦਰਜ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੈਂ ਚਾਰ ਸ਼ਬਦ ਲਿਖ ਕੇ ਦਿੱਤੇ ਸਨ, ਜਿਨ੍ਹਾਂ ਵਿੱਚੋਂ ਤਿੰਨ ਸ਼ਬਦਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜੋ ਸ਼ਬਦ ਸ਼ਾਮਲ ਕੀਤੇ ਗਏ ਹਨ ਉਹ ਹੇਠ ਲਿਖੇ ਅਨੁਸਾਰ ਹਨ ।

1. ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥
(ਸਿਰੀਰਾਗੁ ਮਹਲਾ 5, ਅੰਗ 24)

2. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥2॥
( ਆਸਾ ਕੀ ਵਾਰ, ਮ: 1, ਅੰਗ 413)

3 ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥1॥8॥
(ਗਉੜੀ ਸੁਖਮਨੀ ਮ: 5,ਅੰਗ 212)

ਸੋ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸ਼ਬਦ ਹਨ ਯੂਨਾਈਟਡ ਨੇਸ਼ਨ ਦੇ ਚਾਰਟਰ ਵਿੱਚ ਫੁੱਲਫੇਥ ਰਾਈਟ ਤੇ ਦਰਜ ਹਨ । ਅਸੀਂ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਯੂਨਾਈਟਿਡ ਨੇਸ਼ਨ ਦਾ ਡਾਕੂਮੈਂਟ ਫਰੈਂਚ, ਅਰਬੀ ਭਾਸ਼ਾ ਵਿੱਚ ਵੀ ਹੈ । ਯੂਨਾਈਟਿਡ ਨੇਸ਼ਨ ਦੇ 193 ਮੁਲਕਾਂ ਵਿੱਚ ਫਰੈਂਚ, ਅਰਬੀ ਟਰਾਂਸਲੇਸ਼ਨ ਦੇ ਨਾਲ-ਨਾਲ ਇਹ ਤਿੰਨ ਤੁਕਾਂ ਮਹਾਰਾਜ ਦੀ ਕਿਰਪਾ ਸਦਕਾ ਪਹੁੰਚੀਆਂ ਹਨ। ਹੁਣ ਸਾਡੀ ਜ਼ਿੰਮੇਵਾਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਨੇਹਾ ਅਸੀਂ ਆਪ ਹੀ ਸਮਝੀਏ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਗਲੋਬਲ ਯੂਨੀਵਰਸਲ ਮੈਸੇਜ ਦੇਸ਼ਾਂ-ਵਿਦੇਸ਼ਾਂ ਵਿੱਚ ਲੈ ਕੇ ਪਹੁੰਚੀਏ।


ਡਾਕਟਰ ਇਕਤਿਦਾਰ ਚੀਮਾ ਦਾ ਬਹੁਤ-ਬਹੁਤ ਧੰਨਵਾਦ । ਗੁਰੂ ਨਾਨਕ ਸਾਹਿਬ ਕਿਸ ਤੇ ਕਿਰਪਾ ਕਰਕੇ ਆਪਣੇ ਕਾਰਜ ਕਰਵਾ ਲੈਣ, ਇਹ ਕੋਈ ਨਹੀਂ ਜਾਣਦਾ । ਸੋਸ਼ਲ ਮੀਡੀਆ ਤੇ ਚੱਲ ਰਹੀ ਇਹ ਵੀਡੀਓ ਇਹਨਾਂ ਸਤਰਾਂ ਦੇ ਲੇਖਕ ਨੂੰ ਬਹੁਤ ਪਸੰਦ ਆਈ , ਇਸ ਲਈ ਇਹ ਪੇਸ਼ ਕਰ ਰਿਹਾ ਹਾਂ।

**ਪੇਸ਼ਕਸ : ਕਰਨੈਲ ਸਿੰਘ ਐੱਮ.ਏ.ਲੁਧਿਆਣਾ**

### ਜਥੇਦਾਰ ਅਕਾਲ ਤਖ਼ਤ ਸਾਹਿਬ , ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾ ਮੁਕਤ ਕਰਨ ਦੇ ਫੈਸਲੇ ਨੂੰ ਰੱਦ ਕਰਕੇ

# ਧਾਮੀ ਤੇ ਅੰਤ੍ਰਿੰਗ ਕਮੇਟੀ ਨੂੰ ਅਕਾਲ ਤਖ਼ਤ ਤੇ ਤਲਬ ਕਰਨ : ਭੋਮਾ

**ਦਿੱਲੀ** ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਇੱਕ ਲਿਖਤੀ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਦਮਦਮਾ ਸਾਹਿਬ ਦੀਆਂ ਸੇਵਾਵਾਂ ਖ਼ਤਮ ਕਰ ਕੇ ਇਹ ਸਾਬਤ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਨੂੰ ਟਿੱਚ ਜਾਣਦੀ ਹੈ ਤੇ ਜਥੇਦਾਰਾਂ ਨੂੰ ਇੱਕ ਸੀਰੀ ਤੋਂ ਵੱਧ ਕੁਝ ਨਹੀਂ ਸਮਝਦੀ । ਜਦੋਂ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਤਿੰਨ ਮੈਂਬਰੀ ਕਮੇਟੀ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਲੱਗੇ ਦੋਸ਼ਾਂ ਨੂੰ ਪਹਿਲਾਂ ਹੀ ਰੱਦ ਕਰ ਚੁੱਕੇ ਸਨ। ਉਹਨਾ ਦਾ ਕਹਿਣਾ ਸੀ ਕਿ ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਜਾਂਚ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਹੀ ਕੀਤੀ ਜਾ ਸਕਦੀ ਹੈ ।ਫਿਰ ਕਿਸ ਅਧਿਕਾਰ ਤਹਿਤ ਗਿਆਨੀ ਹਰਪ੍ਰੀਤ ਸਿੰਘ ਦੀ ਤਿੰਨ ਮੈਂਬਰੀ ਕਮੇਟੀ ਦੁਆਰਾ ਕੀਤੀ ਜਾਂਚ ਨੂੰ ਸਹੀ ਕਰਾਰ ਦੇਕੇ ਉਹਨਾ ਨੂੰ ਸੇਵਾ ਮੁਕਤ ਕੀਤਾ ਗਿਆ । ਉਹਨਾਂ ਕਿਹਾ ਕੁੱਝ ਤਾਕਤਾਂ ਸੁਖਬੀਰ ਸਿੰਘ ਬਾਦਲ ਨੂੰ ਸੁਰੱਖਿਅਤ ਲਾਂਘਾਂ ਦੇ ਰਹੀਆਂ ਹਨ। ਜਿਹਨਾਂ ਤੇ ਕੌਮ ਬਾਜ਼ ਅੱਖ ਰੱਖ ਰਹੀ ਹੈ । ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਕਾਲ ਤਖ਼ਤ ਸਾਹਿਬ ਦੋਗਲਾ ਕਿਰਦਾਰ ਨਿਭਾਅ ਰਹੇ ਹਨ। ਉਹਨਾਂ ਨੇ ਸੱਜੀ ਬਾਂਹ ਸੁਖਬੀਰ ਬਾਦਲ ਦੁਆਲੇ ਤੇ ਝੂਠੀ ਮੂਠੀ ਖੱਬੀ ਬਾਂਹ ਜਥੇਦਾਰ ਅਕਾਲ ਤਖ਼ਤ ਦੁਆਲੇ ਪਾਈ ਹੋਈ ਹੈ। ਹੁਣ ਧਾਮੀ ਸਾਹਿਬ ਨੇ ਇੱਕ ਕਿਸਮ ਦੀ ਬੜੀ ਚਲਾਕੀ ਨਾਲ ਸਾਰੀ ਲੜਾਈ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਗਲ ਪਾ ਦਿੱਤੀ ਹੈ । ਹੁਣ ਸਾਰੀ ਸਿੱਖ ਸੰਗਤ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀ ਵੱਲ ਟਿਕਟਿਕੀ ਲਾ ਕੇ ਦੇਖ ਰਹੀ ਹੈ , ਕਿ ਉਹ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅੰਤ੍ਰਿੰਗ ਕਮੇਟੀ ਦੇ ਮੈਬਰਾਂ ਨੂੰ ਕਦੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਉਹਨਾਂ ਦੇ ਹੁਕਮ ਦੀ ਖਿੱਲੀ ਉਡਾਉਣ ਕਰਕੇ ਤਲਬ ਕਰਦੇ ਹਨ ਜਾਂ ਰੋਸ ਵਜੋਂ ਆਪਣਾ ਅਸਤੀਫਾ ਦੇ ਕੇ ਪਾਸੇ ਹੋ ਜਾਂਦੇ ਹਨ।



ਆਵਾਜ਼ਿ ਕੌਮ AWAZE QAUM International Newspaper & WEB TV

ਭੋਮਾ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਨਿਮਰਤਾ ਭਰੀ ਬੇਨਤੀ ਕਰਦਿਆਂ ਕਿਹਾ ਕਿ ਸਿੱਖ ਸੰਗਤਾਂ ਪਹਿਲਾਂ ਦੀ ਤਰ੍ਹਾਂ ਬੜੀ ਰੀਝ ਤੇ ਆਸ ਲਾ ਕੇ ਆਪ ਜੀ ਤੇ ਬੈਠੀਆਂ ਹਨ ਕਿ ਉਹ ਬਾਦਲਾਂ ਤੇ ਧਾਮੀ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਹੁਕਮਾਂ ਨੂੰ ਚੈਲੰਜ ਕਰਨ ਵਾਲੇ ਫੈਸਲੇ ਨੂੰ ਰੱਦ ਕਰਕੇ ਕਿਵੇਂ ਇਹਨਾਂ ਦੀਆਂ ਬਾਹਵਾਂ ਅਕਾਲ ਤਖ਼ਤ ਸਾਹਿਬ ਦੇ ਥਮਲਿਆਂ ਨਾਲ਼ ਬੰਨਦੇ ਹਨ। ਜਾਂ ਅਖ਼ੀਰ ਜਦੋਂ ਬਾਦਲਾਂ ਤੇ ਧਾਮੀ ਸਾਹਿਬ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦਾ ਹੁਕਮ ਮੰਨਣਾ ਹੀ ਨਹੀਂ ਫ਼ਿਰ ਜਥੇਦਾਰ ਬਣੇ ਰਹਿਣ ਦੀ ਕੋਈ ਤੁਕ ਨਹੀਂ ਬਣਦੀ । ਧਾਮੀ ਸਾਹਿਬ ਸੁਖਬੀਰ ਸਿੰਘ ਬਾਦਲ ਨੂੰ ਹੀ ਜਥੇਦਾਰ ਅਕਾਲ ਤਖ਼ਤ ਤੇ ਬਣਾ ਦਿਉਂ । ਧਾਮੀ ਸਾਹਿਬ ਨੇ ਗਿਆਰਾਂ ਫਰਵਰੀ ਨੂੰ ਸੱਤ ਮੈਂਬਰੀ ਕਮੇਟੀ ਜੋ ਜਥੇਦਾਰ ਅਕਾਲ ਤਖ਼ਤ ਨੇ ਬਣਾਈ ਹੈ ,ਉਸ ਦੀ ਮੀਟਿੰਗ ਵੀ ਰੱਦ ਕਰ ਕਰ ਕੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਦੀ ਵੀ ਪ੍ਰਵਾਹ ਨਹੀਂ ਕਰਦੇ। ਜਿਹੜੀ ਤਿੰਨ ਮੈਂਬਰੀ ਕਮੇਟੀ ਜਥੇਦਾਰ ਅਕਾਲ ਤਖ਼ਤ ਸਾਹਿਬ ਰੱਦ ਕਰ ਚੁੱਕੇ ਹਨ ਉਸ ਦੀ ਗੈ਼ਰ ਕਾਨੂੰਨੀ ਮੀਟਿੰਗ ਕਰਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਘਰ ਤੋਰ ਦਿੱਤਾ ਹੈ ਜੋ ਸਮੁੱਚੀ ਸਿੱਖ ਕੌਮ ਨੂੰ ਇੱਕ ਬੜਾ ਵੱਡਾ ਚੈਲੰਜ ਹੈ ।ਸਿੱਖ ਕੌਮ ਨੂੰ ਤਖਤ ਸਾਹਿਬਾਨਾਂ ਦੇ ਜਥੇਦਾਰ ਨਿਯੁਕਤ ਕਰਨ ਤੇ ਹਟਾਉਣ ਦਾ ਕੋਈ ਵਿਧੀ ਵਿਧਾਨ ਬਣਾਉਣਾ ਪਵੇਗਾ ਤਾਂ ਕਿ ਜਥੇਦਾਰਾਂ ਨੂੰ ਇਸ ਤਰਾਂ ਬੇਇੱਜ਼ਤ ਕਰਕੇ ਨਾ ਲਾਹਿਆ ਜਾ ਸਕੇ।

### ਤਖਤ ਸਾਹਿਬਾਨਾਂ ਦੇ ਜਥੇਦਾਰ ਲਾਉਣ ਤੇ ਲਹਾਉਣ ਦਾ ਤਰੀਕਾ

# ਸਿੱਖੀ ਸਿਧਾਂਤਾਂ ਅਨੁਸਾਰ ਹੋਵੇ - ਬਾਬਾ ਹਰਦੀਪ ਸਿੰਘ ਮਹਿਰਾਜ

**ਨਵੀਂ ਦਿੱਲੀ 11 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):-** ਤਖਤ ਸਾਹਿਬਾਨ ਦੇ ਜਥੇਦਾਰ ਲਾਉਣ ਅਤੇ ਲਹਾਉਣਾ ਦਾ ਤਰੀਕਾ ਤੇ ਸਿਆਸੀ ਲੋਕਾਂ ਦੀ ਘੁਸਪੈਠ ਹੋਣ ਕਰਕੇ ਬਿਲਕੁਲ ਗਲਤ ਹੋ ਗਿਆ ਹੈ ਇਸ ਲਈ ਇਸਨੂੰ ਸਿੱਖੀ ਸਿਧਾਂਤਾਂ ਅਨੁਸਾਰ ਕਰਣ ਦੀ ਸਖ਼ਤ ਜਰੂਰਤ ਹੈ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ

ਆਵਾਜ਼ਿ ਕੌਮ AWAZE QAUM International Newspaper & WEB TV



ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਨੇ ਜਾਰੀ ਇੱਕ ਪ੍ਰੈਸ ਨੋਟ ਰਾਹੀਂ ਕਰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਗਿਆਨੀ ਹਰਪ੍ਰੀਤ ਸਿੰਘ 'ਤੇ ਬੇਤੁਕੇ ਇਲਜਾਮ ਲਾ ਕੇ ਜਲੀਲ ਕਰਕੇ ਉਹਨਾਂ ਨੂੰ ਸਨਮਾਨਯੋਗ ਅਹੁਦੇ ਤੋਂ ਹਟਾਇਆ ਗਿਆ ਹੈ ਇਹ ਸਿੱਖੀ ਪਰੰਪਰਾ ਦਾ ਘਾਣ ਹੈ । ਉਹਨਾਂ ਇਹ ਵੀ ਆਖਿਆ ਕਿ ਜਿੰਨੇ ਵੀ ਜਥੇਦਾਰ ਇਸ ਤੋਂ ਪਹਿਲਾਂ ਹਟਾਏ ਗਏ ਜਾਂ ਹੋਰ ਸੱਚਮੁੱਚ ਜਥੇਦਾਰ ਅਹੁਦੇ ਦੇ ਯੋਗ ਨੇ ਉਹਨਾਂ ਸਭ ਨੂੰ ਰਲ ਕੇ ਇਹ ਗੈਰ-ਸਿੱਖੀ ਸਿਧਾਂਤਾਂ ਵਾਲਾ ਤਰੀਕਾ ਰੱਦ ਕਰਨਾ ਚਾਹੀਦਾ ਹੈ ਤੇ ਇਸ ਦਾ ਫੈਸਲਾ ਸੰਗਤੀ ਰੂਪ ਵਿੱਚ ਹੋਣਾ ਚਾਹੀਦਾ ਹੈ। ਉਹਨਾਂ ਇਹ ਵੀ ਕਿਹਾ ਕਿ ਸਿੱਖ ਸੰਸਥਾਵਾਂ ਵਿੱਚ ਸਿਆਸੀ ਘੁਸਪੈਠ ਬਿਲਕੁਲ ਨਹੀਂ ਹੋਣੀ ਚਾਹੀਦੀ ਤੇ ਖਾਸ ਕਰ ਉਸ ਸਿਆਸੀ ਪਾਰਟੀ ਦੀ ਜਿਹੜੀ ਕਿ ਇਖ਼ਲਾਕ ਹੀਣ ਤੇ ਸਿੱਖੀ ਸਿਧਾਂਤਾਂ ਤੋਂ ਵਿਰਵੀ ਹੈ। ਉਹਨਾਂ ਕਿਹਾ ਕਿ ਸਿੱਖੀ ਸਿਧਾਂਤਾਂ ਨੂੰ ਖੋਰਾ ਲਾਉਣ ਤੋਂ ਬਚਾਉਣ ਲਈ ਜਿਹੜੀਆਂ ਵੀ ਸੰਸਥਾਵਾਂ, ਜਥੇਬੰਦੀਆਂ ਕੰਮ ਕਰ ਰਹੀਆਂ ਹਨ ਉਹਨਾਂ ਦਾ ਹੋਰ ਜਥੇਬੰਦੀਆਂ ਤੇ ਸੰਗਤ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਪੰਥ ਸੇਵਕ ਜਥਾ ਪਿਛਲੇ ਸਮੇਂ ਤੋਂ ਸਾਰੇ ਕਾਰਜ ਸਿੱਖ ਸਿਧਾਂਤਾਂ ਅਨੁਸਾਰ ਤੇ ਸੰਗਤੀ ਰੂਪ ਦੇ ਵਿੱਚ ਫੈਸਲਾ ਲੈਣਾ ਵਾਲੇ ਕਰ ਰਿਹਾ ਹੈ ਇਸੇ ਕੜੀ ਤਹਿਤ ਪੰਥ ਸੇਵਕ ਜਥਾ ਗੁਰਮਤੇ ਸੋਧਣੇ ਤੇ ਹੋਰ ਸਾਰੀ ਸੇਵਾ ਸਿਧਾਤਾਂ ਤੇ ਸਿੱਖੀ ਪਰੰਪਰਾਵਾਂ, ਰਵਾਇਤਾਂ ਨੂੰ ਬਚਾਉਣ ਤੇ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਹੈ।

# ਪਰਮਿੰਦਰ ਸਿੰਘ ਢੀਂਡਸਾ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਲਾਹੁਣ ਦਾ ਵਿਰੋਧ

**ਚੰਡੀਗੜ੍ਹ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਲਾਹੁਣ ਦਾ ਵਿਰੋਧ ਕੀਤਾ ਹੈ। ਉਹਨਾਂ ਕਿਹਾ ਕਿ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰ ਸਾਹਿਬ ਨੂੰ ਅਹੁਦੇ ਤੋਂ ਹਟਾਉਣ ਲਈ ਬਹੁਤ ਹੀ ਮਾੜਾ ਰਵੱਈਆ ਅਤੇ ਗਲਤ ਰਸਤਾ ਚੁਣਿਆ ਹੈ। ਦਰਅਸਲ

ਆਵਾਜ਼ਿ ਕੌਮ AWAZE QAUM International Newspaper & WEB TV



ਬਾਦਲ ਪਰਿਵਾਰ ਨੇ ਜਥੇਦਾਰ ਸਾਹਿਬ ਨਾਲ ਆਪਣੀ ਦੁਸ਼ਮਣੀ ਹੀ ਕੱਢੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਜਥੇਦਾਰ ਸਾਹਿਬ ਨੂੰ ਹਟਾਉਣ ਦਾ ਅਧਿਕਾਰ ਨਹੀਂ ਹੈ। ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾ ਕੇ ਬੀਤੇ ਦਿਨੀਂ ਕੀਤੇ ਗੁਨਾਹਾਂ ਨੂੰ ਜਨਤਕ ਤੌਰ ਤੇ ਮੰਨਿਆ ਪਰ ਉਸਨੇ ਪਿਛਲੀਆਂ ਗਲਤੀਆਂ ਸੁਧਾਰਨ ਦੀ ਬਜਾਏ ਹੋਰ ਗਲਤੀਆਂ ਕਰਨ ਤੇ ਜ਼ੋਰ ਦਿੱਤਾ ਹੈ। ਇਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਮੰਨਣ ਤੋਂ ਵੀ ਇਨਕਾਰ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਉਹਨਾਂ ਦੇ ਸਾਥੀ ਹੰਕਾਰ ਨਾਲ ਭਰੇ ਹੋਏ ਅਤੇ ਸੱਤਾ ਦੇ ਭੁੱਖੇ ਹਨ। ਜਥੇਦਾਰ ਸਾਹਿਬ ਨੂੰ ਉਹਨਾਂ ਦੇ ਅਹੁਦੇ ਤੋਂ ਹਟਾਉਣ ਦਾ ਸਮੂਹ ਸਿੱਖ ਸੰਗਤ ਨੂੰ ਵੱਧ ਤੋਂ ਵੱਧ ਵਿਰੋਧ ਕਰਨਾ ਚਾਹੀਦਾ ਹੈ ਤਾਂ ਜੋ ਪੰਥ ਦੇ ਵਡੇਰੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

## ਗ਼ਜ਼ਲ



ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਫੇਰ ਨਾ ਮੁੜ ਕੇ ਆਇਆ।
ਕੱਖਾਂ ਵਿਚ ਚਿੰਗਾਰੀ ਧਰਕੇ ਫੇਰ ਨਾ ਮੁੜ ਕੇ ਆਇਆ।
ਮਤਲਬ ਤਕ ਸੀਮਤ ਸੀ ਉਸ ਦੀ ਚਾਹਤ ਦੀ ਮਰਿਆਦਾ,
ਖੂਹ ਦੇ ਵਿੱਚੋਂ ਪਾਣੀ ਭਰ ਕੇ ਫੇਰ ਨਾ ਮੁੜ ਕੇ ਆਇਆ।
ਨੱਕੋ-ਨੱਕ ਇੱਕ ਨਦੀ ਦੇ ਵਹਿੰਦੇ ਸੀ ਜਦ ਸਰ-ਸਰ ਵਹਿਣ,
ਡੂੰਘੇ-ਡੂੰਘੇ ਪਾਣੀ ਤਰ ਕੇ ਫੇਰ ਨਾ ਮੁੜ ਕੇ ਆਇਆ।
ਤੇਰੇ ਇੱਕ ਇਸ਼ਾਰੇ ਕਰਕੇ ਸਭ ਕੁਝ ਸੰਭਵ ਹੋਇਆ,
ਜਿੱਤੀ ਹੋਈ ਬਾਜ਼ੀ ਹਰ ਕੇ ਫੇਰ ਨਾ ਮੁੜ ਕੇ ਆਇਆ।
ਮਾਰੂਥਲ ਦੀ ਧਰਤੀ ਨੂੰ ਸਦੀਆਂ ਦੀ ਖ਼ੁਸ਼ਹਾਲੀ ਦੇ ਕੇ,
ਚਾਰੇ ਪਾਸੇ ਬੱਦਲ ਵਰ੍ਹ ਕੇ ਫੇਰ ਨਾ ਮੁੜ ਕੇ ਆਇਆ।
ਸ਼ਹਿਰ ਤੇਰੇ ਦੇ ਬੰਦ ਦਰਵਾਜ਼ੇ ਅੰਨੀ ਬੋਲੀ ਬਾਰਿਸ਼,
ਸੁੰਘੜ ਗਿਆ ਉਹ ਸਾਰਾ ਠਰ ਕੇ ਫੇਰ ਨਾ ਮੁੜ ਕੇ ਆਇਆ।
ਜੋ ਵੀ ਇਸ ਦੁਨੀਆਂ ਤੇ ਆਇਆ ਉਸ ਨਾਲ ਇੰਝ ਹੀ ਹੋਇਆ,
ਰੋ ਕੇ ਹੱਸ ਕੇ ਜੀ ਕੇ ਮਰ ਕੇ ਫੇਰ ਨਾ ਮੁੜ ਕੇ ਆਇਆ।

**-ਬਲਵਿੰਦਰ ਬਾਲਮ ਗੁਰਦਾਸਪੁਰ, ਉਂਕਾਰ ਨਗਰ ਗੁਰਦਾਸਪੁਰ ਪੰਜਾਬ**
**ਮੋ. - 98156-25409**

# ਬਰਤਾਨੀਆ ਹਕੂਮਤ ਨੂੰ ਪੰਜਾਬੀ ਅਤੇ ਸਿੱਖ ਪੀੜ੍ਹਤਾਂ ਨੂੰ ਆਪਣੇ ਮੁਲਕ ਵਿਚੋਂ ਵਾਪਸ ਇੰਡੀਆ ਭੇਜਣ ਦੀ ਗੁਸਤਾਖੀ ਨਾ ਕਰੇ: ਮਾਨ

**ਨਵੀਂ ਦਿੱਲੀ, 11 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** "ਜਦੋਂ ਇੰਡੀਆਂ ਦੀ ਬੀਜੇਪੀ-ਆਰ.ਐਸ.ਐਸ ਦੀ ਮੋਦੀ ਹਕੂਮਤ ਮੰਦਭਾਵਨਾ ਅਧੀਨ ਆਜਾਦੀ ਚਾਹੁੰਣ ਵਾਲੇ ਪੰਜਾਬੀਆਂ ਤੇ ਸਿੱਖਾਂ ਨੂੰ ਨਿਸ਼ਾਨਾਂ ਬਣਾਕੇ ਇੰਡੀਆ ਅਤੇ ਬਾਹਰਲੇ ਮੁਲਕਾਂ ਵਿਚ ਨਿਰੰਤਰ ਮੌਤ

ਆਵਾਜ਼ਿ ਕੌਮ AWAZE QAUM International Newspaper & WEB TV



ਦੇ ਮੂੰਹ ਵਿਚ ਧਕੇਲਦੀ ਆ ਰਹੀ ਹੈ ਅਤੇ ਨਿੱਤ ਦਿਹਾੜੇ ਜ਼ਬਰ-ਜੁਲਮ ਦਾ ਦੌਰ ਚੱਲ ਰਿਹਾ ਹੈ, ਤਾਂ ਜੋ ਪੰਜਾਬੀ ਅਤੇ ਸਿੱਖ ਆਪੋ ਆਪਣੀਆ ਕੀਮਤੀ ਜਾਨਾਂ ਨੂੰ ਸੁਰੱਖਿਅਤ ਕਰਨ ਹਿੱਤ ਬਰਤਾਨੀਆ ਵਰਗੇ ਮੁਲਕਾਂ ਵਿਚ ਕਾਫ਼ੀ ਲੰਮੇ ਸਮੇ ਤੋ ਗਏ ਹੋਏ ਹਨ ਅਤੇ ਉਨ੍ਹਾਂ ਨੂੰ ਬਰਤਾਨੀਆ ਹਕੂਮਤ ਜ਼ਬਰੀ ਕੱਢਕੇ ਵਾਪਸ ਇੰਡੀਆ ਭੇਜਣ ਦੇ ਦੁੱਖਦਾਇਕ ਅਮਲ ਕਰਨ ਜਾ ਰਹੀ ਹੈ, ਇਹ ਤਾਂ ਉਨ੍ਹਾਂ ਨੂੰ ਵਾਪਸ ਭੇਜ ਕੇ ਇੰਡੀਅਨ ਹੁਕਮਰਾਨਾਂ ਦੀਆਂ ਸਾਜਿਸਾਂ ਦਾ ਸਿਕਾਰ ਹੋਣ ਲਈ ਰਾਹ ਪੱਧਰਾਂ ਕਰਨ ਵਾਲੇ ਅਣਮਨੁੱਖੀ ਅਮਲ ਹੋਣਗੇ । ਕਿਉਂਕਿ ਉਹ ਤਾਂ ਆਪਣੀ ਜਾਨ ਨੂੰ ਸੁਰੱਖਿਅਤ ਕਰਨ ਲਈ ਇਥੋ ਗਏ ਹਨ ਅਤੇ ਉਨ੍ਹਾਂ ਨੂੰ ਬਰਤਾਨੀਆ ਹਕੂਮਤ ਵਾਪਸ ਭੇਜਕੇ ਇੰਡੀਅਨ ਹੁਕਮਰਾਨਾਂ ਦੇ ਜ਼ਬਰ ਦਾ ਸਾਹਮਣਾ ਕਰਨ ਲਈ ਹਾਲਾਤ ਪੈਦਾ ਕਰ ਰਹੇ ਹੋਣਗੇ ਜਿਸ ਨੂੰ ਕਦਾਚਿੱਤ ਕੌਮਾਂਤਰੀ ਤੇ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਅਧੀਨ ਦਰੁਸਤ ਕਰਾਰ ਨਹੀ ਦਿੱਤਾ ਜਾ ਸਕਦਾ । ਇਸ ਲਈ ਸਾਡੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਮਨੁੱਖੀ ਕਦਰਾਂ ਕੀਮਤਾਂ ਨੂੰ ਮੁੱਖ ਰੱਖਦੇ ਹੋਏ ਇਹ ਅਪੀਲ ਹੈ ਕਿ ਬਰਤਾਨੀਆ ਵਿਚ ਰਹਿ ਰਹੇ ਪੰਜਾਬੀ ਤੇ ਸਿੱਖਾਂ ਨੂੰ ਉਹ ਵਾਪਸ ਇੰਡੀਆ ਭੇਜਣ ਦੇ ਅਣਮਨੁੱਖੀ ਅਮਲ ਬਿਲਕੁਲ ਨਾ ਕਰਨ ।"

ਇਹ ਅਪੀਲ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਰਤਾਨੀਆ ਦੇ ਵਜੀਰ ਏ ਆਜਮ ਮਿਸਟਰ ਕੀਰ ਸਟਾਰਮਰ ਨੂੰ ਗੰਭੀਰਤਾ ਪੂਰਵਕ ਅਪੀਲ ਕਰਦੇ ਹੋਏ ਅਤੇ ਮਨੁੱਖੀ ਅਧਿਕਾਰਾਂ ਦੇ ਬਿਨ੍ਹਾਂ ਤੇ ਬਰਤਾਨੀਆ ਵਿਚ ਪਹੁੰਚੇ ਪੰਜਾਬੀ ਅਤੇ ਸਿੱਖਾਂ ਦੀਆਂ ਜਿੰਦਗਾਨੀਆਂ ਨੂੰ ਇੰਡੀਆ ਤੇ ਪੰਜਾਬ ਵਿਚ ਬਣੇ ਵੱਡੇ ਖਤਰੇ ਦੇ ਬਿਨ੍ਹਾਂ ਤੇ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਬਰਤਾਨੀਆ ਹਕੂਮਤ ਨੂੰ ਅਤੇ ਸਮੁੱਚੇ ਸੰਸਾਰ ਨੂੰ ਇਹ ਜਾਣਕਾਰੀ ਹੈ ਕਿ 1947 ਵਿਚ ਵੀ ਪੰਜਾਬ ਦੇ 2 ਟੋਟੇ ਕਰ ਦਿੱਤੇ ਗਏ ਸਨ । 1984 ਵਿਚ ਸਾਜਸੀ ਢੰਗ ਨਾਲ ਹੁਕਮਰਾਨਾਂ ਵੱਲੋ ਸਮੁੱਚੇ ਮੁਲਕ ਵਿਚ ਸਿੱਖਾਂ ਦੀ ਨਸਲਕੁਸੀ ਅਤੇ ਕਤਲੇਆਮ ਕੀਤਾ ਗਿਆ । ਜਿਸ ਦੌਰਾਨ ਵੱਡੀ ਗਿਣਤੀ ਵਿਚ ਪੰਜਾਬੀਆਂ ਤੇ ਸਿੱਖਾਂ ਦੀਆਂ ਕੀਮਤੀ ਜਾਨਾਂ ਦਾ ਨੁਕਸਾਨ ਹੋਇਆ । ਹੁਣ ਵੀ ਪੰਜਾਬੀ ਅਤੇ ਸਿੱਖ ਇੰਡੀਆ ਦੀ ਬੀਜੇਪੀ-ਆਰ.ਐਸ.ਐਸ ਹਕੂਮਤ ਵੱਲੋ ਉਚੇਚੇ ਤੌਰ ਤੇ ਇਨ੍ਹਾਂ ਨੂੰ ਨਿਸ਼ਾਨਾਂ ਬਣਾਕੇ ਜ਼ਬਰੀ ਮੌਤ ਦੇ ਮੂੰਹ ਵਿਚ ਧਕੇਲਣ ਦੇ ਅਣਮਨੁੱਖੀ ਅਮਲ ਹੋ ਰਹੇ ਹਨ । ਜਿਸ ਅਧੀਨ ਬਰਤਾਨੀਆ ਦੇ ਸਿੱਖ ਨਾਗਰਿਕ ਸ. ਅਵਤਾਰ ਸਿੰਘ ਖੰਡਾ ਨੂੰ ਇੰਡੀਅਨ ਏਜੰਸੀਆਂ ਨੇ ਜਹਿਰ ਦੇ ਕੇ ਮਾਰ ਦਿੱਤਾ ਹੈ । ਇਸੇ ਤਰ੍ਹਾਂ ਕੈਨੇਡਾ, ਪਾਕਿਸਤਾਨ ਵਿਚ ਵੀ ਸਿੱਖਾਂ ਨੂੰ ਨਿਸ਼ਾਨਾਂ ਬਣਾਇਆ ਗਿਆ ਹੈ । ਜੋ ਪੰਜਾਬੀ ਤੇ ਸਿੱਖ ਬਰਤਾਨੀਆ ਮੁਲਕ ਵਿਚ ਗਏ ਹੋਏ ਹਨ, ਉਹ ਇੰਡੀਅਨ ਹੁਕਮਰਾਨਾਂ ਦੇ ਜ਼ਬਰ ਜੁਲਮ ਤੋ ਪੀੜ੍ਹਤ ਹੋ ਕੇ ਗਏ ਹਨ । ਉਨ੍ਹਾਂ ਨੂੰ ਵਾਪਸ ਜ਼ਬਰੀ ਭੇਜਕੇ ਅਸਲੀਅਤ ਵਿਚ ਬਰਤਾਨੀਆ ਹਕੂਮਤ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਨਿਯਮਾਂ ਤੇ ਅਸੂਲਾਂ ਦਾ ਹਨਨ ਕਰ ਰਹੀ ਹੋਵੇਗੀ । ਜਿਸ ਨਾਲ ਬਰਤਾਨੀਆ ਵਰਗੇ ਜਮਹੂਰੀਅਤ ਪਸੰਦ ਮੁਲਕ ਦਾ ਸੰਸਾਰ ਪੱਧਰ ਤੇ ਅਕਸ ਦਾਗੀ ਹੋ ਸਕਦਾ ਹੈ, ਇਸ ਲਈ ਬਿਹਤਰ ਇਹ ਹੋਵੇਗਾ ਕਿ ਬਰਤਾਨੀਆ ਵਿਚ ਵੱਸਣ ਵਾਲੇ ਪੰਜਾਬੀ, ਸਿੱਖ ਭਾਵੇਕਿ ਉਹ ਕਿਸੇ ਰੂਪ ਵਿਚ ਮਜ਼ਬੂਰਨ ਉਥੇ ਗਏ ਹਨ, ਉਨ੍ਹਾਂ ਦੀਆਂ ਜਿੰਦਗਾਨੀਆ ਨੂੰ ਸੁਰੱਖਿਅਤ ਕਰਨ ਦੇ ਅਮਲ ਹੋਣੇ ਚਾਹੀਦੇ ਹਨ ਨਾ ਕਿ ਉਨ੍ਹਾਂ ਨੂੰ ਫਿਰ ਇੰਡੀਅਨ ਹੁਕਮਰਾਨਾਂ ਦੇ ਜ਼ਬਰ ਜੁਲਮ ਦਾ ਸਾਹਮਣਾ ਕਰਨ ਲਈ ਵਾਪਸ ਭੇਜਿਆ ਜਾਵੇ ।

ਭਗਤ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਫਿਲੌਰ ਵਿਖੇ ਸ਼ਾਨਦਾਰ ਨਗਰ ਕੀਰਤਨ ਸਜਾਇਆ : ਬਾਬਾ ਸੁਖਵਿੰਦਰ ਸਿੰਘ

**ਜੰਡਿਆਲਾ ਗੁਰੂ 11 ਫਰਵਰੀ ( ਕੁਲਵੰਤ ਸਿੰਘ ਵਿਰਦੀ)**-ਭਗਤ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ,ਨਗਰ ਕੀਰਤਨ ਅਤੇ ਧਾਰਮਿਕ ਦੀਵਾਨ ਸਜਾਏ ਰਹੇ ਹਨ ਅਤੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਇਸੇ ਕੜੀ ਤਹਿਤ ਫਿਲੌਰ ਦੀਆਂ ਸੰਗਤਾਂ ਵੱਲੋਂ ਸ਼ਾਨਦਾਰ ਨਗਰ ਕੀਰਤਨ ਸਜਾਇਆ ਗਿਆ ਜੋਂ ਸ਼ਹਿਰ ਫਿਲੌਰ , ਨੰਗਲ, ਪਿੰਡ ਰਾਮਗੜ੍ਹ ਤੋਂ ਹੁੰਦਾ ਫ਼ਿਲੌਰ ਪਹੁੰਚਿਆ ਤੇ ਸਤਿਗੁਰਾਂ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਬਾਬਾ ਜਰਨੈਲ ਸਿੰਘ ਆਲੋਵਾਲ ਨੰਗਲ ਬੇਟ ਫਿਲੌਰ ਦੇ ਮੁੱਖੀ ਸੰਤ ਮਹਾਂਪੁਰਸ਼ ਬਾਬਾ ਸੁਖਵਿੰਦਰ ਸਿੰਘ ਜੀ ਨਾਲ ਨਗਰ ਕੀਰਤਨ ਸਬੰਧੀ ਜਾਣਕਾਰੀ ਹਾਸਲ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਰਾਹੀਂ ਦਿੱਤੀ ਉਹਨਾਂ ਭਾਈ ਖਾਲਸਾ ਨੇ ਦੱਸਿਆ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ'ਚ ਫਿਲੌਰ ਤੋਂ ਸੰਤ ਸੁਖਵਿੰਦਰ ਸਿੰਘ ਆਲੋਵਾਲ ਵੱਲੋਂ ਅਰੰਭਤਾ ਦੀ ਅਰਦਾਸ ਕਰਨ ਤੋਂ ਉਪਰੰਤ ਰਵਾਨਾ ਹੋਇਆ ਜੋ ਸ਼ਹਿਰ ਫਿਲੌਰ, ਰਾਮਪੁਰਾ, ਨੰਗਲ ਬੇਟ ਤੋਂ ਹੁੰਦਾ ਹੋਇਆ ਵਾਪਸ ਸ਼ਹਿਰ ਫਿਲੌਰ ਵਿਖੇ ਪਹੁੰਚਿਆ ਤੇ ਸਤਿਗੁਰਾਂ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ, ਭਾਈ ਖਾਲਸਾ ਨੇ ਨਗਰ ਕੀਰਤਨ ਵਿੱਚ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ,ਨਗਰ ਕੀਰਤਨ ਦੀ ਸ਼ਹਿਰ ਫਿਲੌਰ ਤੇ ਹੋਰ ਲਾਗੇ ਦੇ ਪਿੰਡਾ ਵਿਚ ਚਾਹ ਪਕੌੜੇ ਬਿਸਕੁਟ ਫਲ ਮਿਠਾਈਆਂ ਤੇ ਹੋਰ ਕਈ ਪ੍ਰਕਾਰ ਦੇ ਲੰਗਰਾਂ ਨਾਲ ਸੇਵਾ ਕੀਤੀ ਗਈ ਅਤੇ ਪੰਜ ਪਿਆਰਿਆਂ ਨੂੰ ਸਿਰਪਾਓ ਭੇਂਟ ਕੀਤੇ ਗਏ, ਨਗਰ ਕੀਰਤਨ ਵਿੱਚ ਵਿਸ਼ੇਸ਼ ਤੌਰ ਤੇ ਸਾਬਕਾ ਮੁੱਖ ਮੰਤਰੀ ਸ੍ਰ ਚਰਨਜੀਤ ਸਿੰਘ ਚੰਨੀ ਨੇ ਹਾਜ਼ਰੀ ਭਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ ਭਾਈ ਖਾਲਸਾ ਨੇ ਦੱਸਿਆ ਕੱਲ ਨੂੰ ਸਤਿਗੁਰੂ ਸ੍ਰੀ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਇੱਕ ਸ਼ਾਨਦਾਰ ਧਾਰਮਿਕ ਦੀਵਾਨ ਸਜਾਇਆ ਜਾਵੇਗਾ ਜਿਸ ਵਿਚ ਉੱਚ ਕੋਟੀ ਦੇ ਵਿਦਵਾਨ ਸ੍ਰੀਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਵਿੱਤਰ ਬਾਣੀ ਤੇ ਸਿਖਿਆਵਾਂ ਤੇ ਰੋਸ਼ਨੀ ਪਾਉਣਗੇ,ਸਮੂਹ ਬੁਲਾਰਿਆਂ ਤੇ ਨਗਰ ਕੀਰਤਨ ਵਿੱਚ ਸ਼ਾਮਲ ਹੋਈਆਂ ਉੱਚ ਸ਼ਖ਼ਸੀਅਤਾਂ ਦਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਜਾਵੇਗਾ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ, ਇਸ ਮੌਕੇ ਗੁਰਦੁਆਰਾ ਸਿੰਘਾਂ ਸ਼ਹੀਦਾਂ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਆਲੋਵਾਲ ਤੋਂ ਇਲਾਵਾ ਬਾਬਾ ਰਾਮ ਸਿੰਘ ਹਰੀਪੁਰ, ਸੰਤ ਮਹਾਂਪੁਰਸ਼ ਜਸਪਾਲ ਨਗਰ ਵਾਲੇ ਤੋਂ ਫਿਲੌਰ ਦੇ ਸਰਪੰਚ ਤੇ ਹੋਰ ਧਾਰਮਿਕ ਸਿਆਸੀ ਅਤੇ ਸਮਾਜਿਕ ਆਗੂਆਂ ਤੋਂ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ ਤੇ ਆਪਣਾਂ ਮਨੁੱਖੀ ਜੀਵਨ ਸਫ਼ਲ ਬਣਾਇਆਂ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।





**ਨਗਰ ਕੀਰਤਨ ਚ ਵਿਸ਼ੇਸ਼ ਤੌਰ ਤੇ ਸਾਬਕਾ ਮੁੱਖ ਮੰਤਰੀ ਸ੍ਰ ਚਰਨਜੀਤ ਸਿੰਘ ਚੰਨੀ ਅਤੇ ਸੰਤ ਸੁਖਵਿੰਦਰ ਸਿੰਘ ਨੇ ਭਰੀ ਹਾਜ਼ਰੀ**

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਰੁਜ਼ਗਾਰ ਮੇਲੇ ਵਿੱਚ 40 ਵਿੱਦਿਅਕ ਅਦਾਰਿਆਂ ਨੇ ਕੀਤੀ ਭਰਤੀ

# ਅਧਿਆਪਕ ਗਿਆਨ ਦਾ ਪ੍ਰਕਾਸ਼ ਘਰ-ਘਰ ਪਹੁੰਚਾਉਣ- ਗੁਰਲਾਭ ਸਿੰਘ




ਤਲਵੰਡੀ ਸਾਬੋ, 11 ਫਰਵਰੀ (ਗੁਰਜੰਟ ਸਿੰਘ ਨਥੇਹਾ)- ਵਿੱਦਿਆ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਆਰਥਿਕ ਪੱਖੋਂ ਮਜ਼ਬੂਤ ਅਤੇ ਆਪਣੇ ਪੈਰਾਂ ਤੇ ਖੜੇ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਵੱਲੋਂ ਫੈਕਲਟੀ ਆਫ਼ ਐਜੂਕੇਸ਼ਨ ਤੇ ਫੈਕਲਟੀ ਆਫ ਫਿਜ਼ੀਕਲ ਐਜੂਕੇਸ਼ਨ ਦੇ ਸਹਿਯੋਗ ਨਾਲ ਮੁੱਖ ਮਹਿਮਾਨ ਚਾਂਸਲਰ ਗੁਰਲਾਭ ਸਿੰਘ ਸਿੱਧੂ ਦੀ ਸਰਪ੍ਰਸਤੀ ਹੇਠ ਵਿਸ਼ਾਲ ਰੁਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ।ਜਿਸ ਵਿੱਚ ਪ੍ਰੋ.(ਡਾ.) ਪੀਯੂਸ਼ ਵਰਮਾ, ਕਾਰਜਕਾਰੀ ਉਪ ਕੁਲਪਤੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਲਗਭਗ 40 ਵਿੱਦਿਅਕ ਅਦਾਰਿਆਂ ਦੇ ਪ੍ਰਤੀਨਿਧੀਆਂ ਨੇ ਆਪਣੇ-ਆਪਣੇ ਸਕੂਲਾਂ ਲਈ ਭਾਵੀ ਅਧਿਆਪਕਾਂ ਦੀ ਭਰਤੀ ਕੀਤੀ। ਇਸ ਮੌਕੇ ਚਾਂਸਲਰ ਸਿੱਧੂ ਨੇ ਕਿਹਾ ਕਿ ਇਹ ਭਾਵੀ ਅਧਿਆਪਕ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣਗੇ।ਉਹਨਾਂ ਕਿਹਾ ਕਿ ਅਧਿਆਪਕ ਇੱਕ ਜਗਦੇ ਦੀਵੇ ਵਾਂਗ ਹੁੰਦਾ ਹੈ, ਜੋ ਆਪਣੀ ਲੋਅ ਨਾਲ ਹਜ਼ਾਰ ਦੀਵੇ ਰੁਸ਼ਨਾ ਸਕਦਾ ਹੈ। ਉਹਨਾਂ ਸਾਰਿਆਂ ਨੂੰ ਉੱਜਵਲ ਭਵਿੱਖ ਦੀਆਂ ਸ਼ੁੱਭ ਕਾਮਨਾਵਾਂ ਭੇਂਟ ਕਰਦੇ ਹੋਏ ਵਿਦਿਆਰਥੀਆਂ ਨੂੰ ਆਪਣਾ 100 % ਦੇਣ ਲਈ ਪ੍ਰੇਰਿਤ ਕੀਤਾ। ਡਾ. ਵਰਮਾ ਨੇ ਭਾਵੀ ਅਧਿਆਪਕਾਂ ਨੂੰ ਕਿਹਾ ਕਿ ਦੇਸ਼ ਦੇ ਭਵਿੱਖ ਦਾ ਨਿਰਮਾਣ ਉਹਨਾਂ ਨੇ ਕਰਨਾ ਹੈ। ਇਸ ਲਈ ਉਹਨਾਂ ਦੇ ਵਿਹਾਰ ਅਤੇ ਸੰਸਕਾਰ ਉੱਤਮ ਦਰਜੇ ਦੇ ਹੋਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਰੋਲ ਮਾਡਲ ਹੁੰਦੇ ਹਨ, ਇਸ ਲਈ ਉਹਨਾਂ ਵੱਲੋਂ ਕੀਤੇ ਗਏ ਹਰ ਕਾਰਜ ਨੂੰ ਬੜੀ ਗੰਭੀਰਤਾ ਨਾਲ ਲਿਆ ਜਾਂਦਾ ਹੈ, ਸੋ ਸਮਾਜ ਉਹਨਾਂ ਤੋਂ ਹਰ ਵਾਰ ਕੁਝ ਨਵੇਂ ਅਤੇ ਸਿਰਜਾਨਾਤਮਕ ਕੰਮਾਂ ਦੀ ਉਮੀਦ ਕਰਦਾ ਹੈ।ਡਾ.ਅਸ਼ਵਨੀ ਸੇਠੀ, ਡਾਇਰੈਕਟਰ, ਆਈ.ਕਿਉ.ਏ.ਸੀ. ਨੇ ਨਿਯੁਕਤਾਵਾਂ ਦਾ ਧੰਨਵਾਦ ਕੀਤਾ ਤੇ ਸਿੱਖਿਆ ਦੇ ਖੇਤਰ ਵਿੱਚ ਆ ਰਹੇ ਬਦਲਾਵਾਂ ਤੇ ਇਸਤੇਮਾਲ ਹੋ ਰਹੀ ਨਵੀਂ ਤਕਨੀਕ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੂੰ ਅਧਿਆਪਕਾਂ ਲਈ ਨਵੇਂ ਰਿਫਰੈਸ਼ਰ ਕੋਰਸ ਸ਼ੁਰੂ ਕਰਨ ਦੀ ਸਲਾਹ ਦਿੱਤੀ ਤੇ ਵਰਸਿਟੀ ਵੱਲੋਂ ਹਰ ਤਰਾਂ ਦੇ ਸਹਿਯੋਗ ਦਾ ਵਾਅਦਾ ਕੀਤਾ। ਡਾ. ਵਿਕਾਸ ਗੁਪਤਾ ਡਿਪਟੀ ਡਾਇਰੈਕਟਰ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਨੇ ਦੱਸਿਆ ਕਿ ਰੁਜ਼ਗਾਰ ਮੇਲੇ ਵਿੱਚ 205 ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ। ਸਕੂਲ ਪ੍ਰਤੀਨਿਧੀਆਂ ਅਨੁਸਾਰ ਸ਼ੌਰਟ ਲਿਸਟ ਕੀਤੇ ਗਏ ਵਿਦਿਆਰਥੀਆਂ ਨੂੰ ਸਮੂਹ ਪ੍ਰਕਿਆਰਾਵਾਂ ਪੂਰੀਆਂ ਕਰਨ ਤੋਂ ਬਾਅਦ ਨਿਯੁਕਤੀ ਪੱਤਰ ਸੌਂਪੇਂ ਜਾਣਗੇ। ਡਾ. ਬਲਵਿੰਦਰ ਕੁਮਾਰ ਸ਼ਰਮਾ, ਡੀਨ, ਫੈਕਲਟੀ ਆਫ ਫਿਜ਼ੀਕਲ ਐਜੂਕੇਸ਼ਨ ਤੇ ਡਾ. ਕਵਿਤਾ ਬੱਤਰਾ ਐਸੋਸੀਏਟ ਡੀਨ ਫੈਕਲਟੀ ਆਫ਼ ਐਜੂਕੇਸ਼ਨ ਦੀ ਰਹਿਨੁਮਾਈ ਹੇਠ ਰੁਜ਼ਗਾਰ ਮੇਲੇ ਦਾ ਪ੍ਰਬੰਧਨ ਕਾਫੀ ਸ਼ਲਾਘਾ ਯੋਗ ਸੀ। ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਵੱਲੋਂ ਦਿੱਤੀਆਂ ਗਈਆਂ ਸੇਵਾਵਾਂ ਕਾਬਿਲੇ-ਤਾਰੀਫ ਸਨ। ਵਿਦਿਆਰਥੀਆਂ ਵਿੱਚ ਇਸ ਮੇਲੇ ਲਈ ਕਾਫੀ ਉਤਸ਼ਾਹ ਵੇਖਿਆ ਗਿਆ ਤੇ ਉਹਨਾਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਇੰਟਰਵਿਊ ਲਈ ਕੀਤੇ ਗਏ ਵੱਖਰੇ ਪ੍ਰਬੰਧਾਂ ਦੀ ਸ਼ਲਾਘਾਂ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਧੰਨ ਧੰਨ ਬਾਬਾ ਈਸਰ ਦਾਸ ਜੀ ਦੇ ਅਸ਼ੀਰਵਾਦ ਸਦਕਾ ਧੂਲਕਾ ਵਿਖੇ ਯਾਦਗਾਰੀ ਹੋ ਨਿਬੜਿਆ ਸ.: ਜਥੇਦਾਰ ਬਲਵਿੰਦਰ ਸਿੰਘ ਕਬੱਡੀ ਕੱਪ ਟੂਰਨਾਮੈਂਟ

### ਟੂਰਨਾਮੈਂਟ ਚ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਪਹੁੰਚਣ ਤੇ ਐਡਵੋਕੇਟ ਬਲਰਾਜ ਸਿੰਘ ਨੇ ਕੀਤਾ ਧੰਨਵਾਦ





**ਜੰਡਿਆਲਾ ਗੁਰੂ, 11 ਫਰਵਰੀ( ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨ ਪਿੰਡ ਧੂਲਕਾ ਵਿਖੇ ਸਵਰਗਵਾਸੀ ਸਰਦਾਰ ਬਲਵਿੰਦਰ ਸਿੰਘ ਦੀ ਪਹਿਲੀ ਬਰਸੀ ਮੌਕੇ ਉਹਨਾਂ ਦੇ ਸਪੁੱਤਰ ਸਰਦਾਰ ਬਲਰਾਜ ਸਿੰਘ ਐਡਵੋਕੇਟ ਅਤੇ ਜੁਗਰਾਜ ਸਿੰਘ ਅਤੇ ਪੂਰੇ ਪਿੰਡ ਦੇ ਸਹਿਯੋਗ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਪਹਿਲਾ ਕਬੱਡੀ ਕੱਪ ਟੂਰਨਾਮੈਂਟ ਪਿੰਡ ਧੂਲਕਾ ਵਿਖੇ ਵੱਡੀ ਪੱਧਰ ਤੇ ਮਨਾਇਆ ਗਿਆ। ਜਿਸ ਦੇ ਤਹਿਤ ਸੱਤ ਤਰੀਕ ਨੂੰ ਉਹਨਾਂ ਦੀ ਯਾਦ ਵਿੱਚ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ ਨੌ ਤਰੀਕ ਨੂੰ ਅਖੰਡ ਪਾਠ ਸਾਹਿਬ ਦੀ ਅਰਦਾਸ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ ਅਤੇ ਅਤੇ ਉਸ ਤੋਂ ਬਾਅਦ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਕਬੱਡੀ ਕੱਪ ਪਿੰਡ ਦੀ ਸਰਕਾਰੀ ਗਰਾਊਂਡ ਵਿੱਚ ਸ਼ੁਰੂ ਕੀਤਾ ਗਿਆ ਜਿਸ ਦੀ ਸ਼ੁਰੂਆਤ ਬੱਚਿਆਂ ਦੇ ਸ਼ੋ ਮੈਚ ਕਰਕੇ ਕੀਤੀ ਗਈ ਉਸ ਤੋਂ ਉਪਰੰਤ 65 ਕਿਲੋ ਵਜਨ ਦੇ ਖਿਡਾਰੀਆਂ ਦਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਪਿੰਡ ਧੂਲਕਾ ਦੀ ਧੰਨ ਧੰਨ ਬਾਬਾ ਈਸਰਦਾਸ ਜੀ ਕਬੱਡੀ ਕਲੱਬ ਧੂਲਕਾ ਅਤੇ ਦੂਜੇ ਪਾਸੇ ਧੰਨ ਧੰਨ ਬਾਬਾ ਜੀਵਨ ਸਿੰਘ ਜੀ ਕਬੱਡੀ ਕੱਪ ਪਿੰਡ ਧਰਦਿਓ ਅਤੇ ਆਖਰ ਵਿੱਚ ਪਿੰਡ ਧਰਦਿਓ ਦੀ ਟੀਮ ਜੇਤੂ ਰਹੀ । ਇਸ ਤੋਂ ਬਾਅਦ ਕੁੜੀਆਂ ਦੀਆਂ ਖੋਹ ਖੋਹ ਦੀਆਂ ਗੇਮਾਂ ਵੀ ਕਰਵਾਈਆਂ ਗਈਆਂ ਜਿਸ ਵਿੱਚ ਧੂਲਕਾ ਦੀ ਟੀਮ ਜੇਤੂ ਰਹੀ। ਇਸ ਤੋਂ ਉਪਰੰਤ ਕੁੜੀਆਂ ਦੀ ਇੱਕ ਵੱਡੀ ਵੀ ਕਰਵਾਈ ਗਈ ਜਿਸ ਵਿੱਚ ਬਾਬਾ ਦਰਸ਼ਨ ਸਿੰਘ ਕਬੱਡੀ ਕਲੱਬ ਸੋਹੀਆਂ ਕਲਾ ਕਪੂਰਥਲਾ ਦਾ ਮੈਚ ਬਾਬਾ ਸਾਹਿਬ ਸਿੰਘ ਕਬੱਡੀ ਕਲੱਬ ਪਿੰਡ ਜੰਡ ਨਾਲ ਕਰਵਾਇਆ ਗਿਆ ਜਿਸ ਵਿੱਚ ਪਿੰਡ ਜੰਡ ਦੀ ਟੀਮ ਜੇਤੂ ਰਹੀ ਇਸ ਤੋਂ ਬਾਅਦ ਗੁਰਸਿਮਰਨ ਸਿੰਘ ਉਮਰ 15 ਸਾਲ ਪਿੰਡ ਕਲਸ਼ ਹਲਕਾ ਅਟਾਰੀ ਜਿਸ ਦਾ ਲਗਾਤਾਰ ਗਰਾਉਂਡ ਦੇ ਚੱਕਰ ਲਗਾ ਕੇ 32 ਕਿਲੋ ਮੀਟਰ ਦਾ ਸਫਰ ਲਗਾਤਾਰ 35 ਘੰਟੇ ਵਿੱਚ ਤੈਅ ਕੀਤਾ ਉਸ ਦਾ ਵੀ ਮਾਣ ਸਨਮਾਨ ਕੀਤਾ ਗਿਆ ਉਸ ਤੋਂ ਬਾਅਦ ਜੁਗਰਾਜ ਸਿੰਘ ਤੂਫਾਨ ਕਬੱਡੀ ਕਲੱਬ ਚੀਮਾ ਖੁੱਡੀ ਜ਼ਿਲਾ ਗੁਰਦਾਸਪੁਰ ਅਤੇ ਮਾਛੀਵਾੜਾ ਓਪਨ ਕਬੱਡੀ ਕਲੱਬ ਦਾ ਫਸਵਾਂ ਮੈਚ ਹੋਇਆ ਜਿਸ ਵਿੱਚ ਮਾਛੀਵਾੜੇ ਦੀ ਟੀਮ ਨੇ ਚੀਮਾ ਖੁੱਡੀ ਗੁਰਦਾਸਪੁਰ ਦੀ ਟੀਮ ਨੂੰ ਹਰਾ ਕੇ ਜਿੱਤ ਹਾਸਿਲ ਕੀਤੀ ਉਸ ਤੋਂ ਬਾਅਦ ਧੂਲਕਾ ਪਿੰਡ ਦੇ ਸਰਪੰਚ ਸਰਦਾਰ ਵਰਿੰਦਰ ਸਿੰਘ ਮਿੱਠੂ ਦੀ ਗੱਲ ਨਹੀਂ ਹ ਬੰਨ ਹੋਰਾਂ ਨੇ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਤੇ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਮੈਂਬਰ ਆਫ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਜੀਸ ਬਾਪੂ ਤਰਸੇਮ ਸਿੰਘ ਅਤੇ ਗੁਰਦੁਆਰਾ ਗੁਰੂ ਕੀ ਬੇਰ ਦੇ ਮੁਖੀ ਬਾਬਾ ਸੱਜਣ ਸਿੰਘ ਜੀ ਹੋਣਾਂ ਨੇ ਸ਼ਿਰਕਤ ਕੀਤੀ ਇਸ ਤੋਂ ਇਲਾਵਾ ਪਿੰਡ ਦੇ ਮੋਹਤਬਾਰ ਅਤੇ ਐਡਵੋਕੇਟ ਦੇ ਸੱਜਣ ਮਿੱਤਰ ਦੀਪ ਚੀਮਾ੍ ਕਿੰਗ ਹੈਰੀ ਅਮਰੀਕਾ੍ ਭਗਵੰਤ ਸਿੰਘ ਕੌਂਸਲਰ ਅੰਮ੍ਰਿਤਸਰ ਪੂਰਨ ਸਿੰਘ ਖਿਲਚੀਆਂ ਸਰਕਲ ਪ੍ਰਧਾਨ ਬੰਟੀ ਸਰਪੰਚ ਵਸੂਲਪੁਰ ਸਰਦਾਰ ਸੂਬੇ ਦਾ ਕੁੰਨ ਸਿੰਘ ਸਰਦਾਰ ਸਰਜੀਤ ਸਿੰਘ ਸ਼ਾਹ ਹੈਰੀ ਸ਼ਾਹ ਕਨੇਡਾ ਗੋਪੀ ਸ਼ਾਹ ਯੂਐਸਏ ਜੋਬਨਜੀਤ ਸਿੰਘ ਖਾਲਸਾ ਪ੍ਰਗਟ ਸਿੰਘ ਫੌਜੀ ਚੇਅਰਮੈਨ ਗੁਰਪ੍ਰਤਾਪ ਸਿੰਘ ਬੰਟੀ ਜੁਗਰਾਜ ਸਿੰਘ ਧੂਲਕਾ ਕੈਪਟਨ ਸਿੰਘ ਕਨੇਡਾ ਨਵਤੇਜ ਸਿੰਘ ਪੋਤਰਾ ਸਰਦਾਰ ਭਾਈ ਦਰਸ਼ਨ ਸਿੰਘ ਫੇਰੂਮਾਨ ਅਤੇ ਆਦਿ ਸੱਜਣ ਹਾਜ਼ਰ ਸਨ ਇਸ ਮੌਕੇ ਤੇ ਪੂਰੇ ਟੂਰਨਾਮੈਂਟ ਦੀ ਕਮੈਂਟਰੀ ਜੀਤਾ ਬਰਾੜ ਪਿੰਡ ਯੋਧੇ ਤਹਿਸੀਲ ਬਾਬਾ ਬਕਾਲਾ ਵੱਲੋਂ ਕੀਤੀ ਗਈ

ਆਵਾਜ਼ਿ ਕੌਮ AWAZE QAUM International Newspaper & WEB TV

## ਬਹੁ-ਰਾਸ਼ਟਰੀ ਕੰਪਨੀਆਂ ਅਤੇ ਪੰਜਾਬ ਦੇ ਉਦਯੋਗ ਵਲੋਂ ਅਪ੍ਰੈਂਟਿਸਸ਼ਿਪ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ: ਵਿਕਰਮਜੀਤ ਸਾਹਨੀ

### ਪੰਜਾਬ ਨੂੰ ਸਿਰਫ਼ 742 ਇੰਟਰਨਸ਼ਿਪ ਪੇਸ਼ਕਸ਼ਾਂ ਪ੍ਰਾਪਤ ਹੋਈਆਂ ਜੋ ਕਿ ਇਸਦੀ ਆਬਾਦੀ ਦੇ ਆਕਾਰ ਨੂੰ ਦੇਖਦੇ ਹੋਏ ਹਨ ਬਹੁਤ ਘੱਟ




ਨਵੀਂ ਦਿੱਲੀ 11 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਤੋਂ ਰਾਜ ਸਭਾ ਮੈਂਬਰ ਅਤੇ ਰਾਸ਼ਟਰੀ ਅਪ੍ਰੈਂਟਿਸਸ਼ਿਪ ਕੌਂਸਲ ਦੇ ਉਪ ਚੇਅਰਮੈਨ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿੱਚ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ (ਐਮ.ਐਨ.ਸੀ.) ਅਤੇ ਉਦਯੋਗਾਂ ਵਲੋਂ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਅਪ੍ਰੈਂਟਿਸਸ਼ਿਪ ਦੇ ਮੌਕੇ ਪ੍ਰਦਾਨ ਕੀਤੇ ਜਾਣ ਦੀ ਜ਼ੋਰਦਾਰ ਅਪੀਲ ਕੀਤੀ ਹੈ। ਸੰਸਦ ਵਿੱਚ ਆਪਣੇ ਸਵਾਲ ਦੇ ਲਿਖਤੀ ਜਵਾਬ ਵਿੱਚ, ਡਾ. ਸਾਹਨੀ ਨੂੰ ਪੰਜਾਬ ਵਿੱਚ ਘੱਟ ਇੰਟਰਨਸ਼ਿਪ ਸੰਖਿਆਵਾਂ ਬਾਰੇ ਸਬੰਧੀ ਅੰਕੜੇ ਪ੍ਰਾਪਤ ਹੋਏ ਹਨ। ਡਾ. ਸਾਹਨੀ ਨੇ ਹੈਰਾਨੀ ਪ੍ਰਗਟ ਕੀਤੀ ਕਿ ਪੰਜਾਬ ਨੂੰ ਸਿਰਫ਼ 742 ਇੰਟਰਨਸ਼ਿਪ ਪੇਸ਼ਕਸ਼ਾਂ ਪ੍ਰਾਪਤ ਹੋਈਆਂ ਹਨ, ਜੋ ਕਿ ਇਸਦੀ ਆਬਾਦੀ ਦੇ ਆਕਾਰ ਨੂੰ ਦੇਖਦੇ ਹੋਏ ਬਹੁਤ ਘੱਟ ਹਨ। ਇਸ ਤੋਂ ਵੀ ਵੱਧ ਚਿੰਤਾਜਨਕ ਹੈ ਘੱਟ ਦਾਖਲਾ ਦਰ, ਕਿਉਂਕਿ ਇਸ ਪ੍ਰੋਗਰਾਮ ਤਹਿਤ ਸਿਰਫ਼ 2,534 ਨੌਜਵਾਨ ਰਜਿਸਟਰ ਹੋਏ ਹਨ। ਇਹ ਸਕੀਮ ਬਾਰੇ ਜਾਗਰੂਕਤਾ ਦੀ ਘਾਟ ਅਤੇ ਉਦਯੋਗਾਂ ਦੀ ਨਾਕਾਫ਼ੀ ਭਾਗੀਦਾਰੀ ਦੋਵਾਂ ਨੂੰ ਦਰਸਾਉਂਦਾ ਹੈ, ਜਿਸਨੂੰ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੇ ਜਾਣ ਨਾਲ, ਇਹ ਬਹੁ-ਰਾਸ਼ਟਰੀ ਕੰਪਨੀਆਂ ਅਤੇ ਪੰਜਾਬ ਦੇ ਉਦਯੋਗਿਕ ਖੇਤਰ ਦੋਵਾਂ ਦਾ ਫਰਜ਼ ਹੈ ਕਿ ਉਹ ਅਪ੍ਰੈਂਟਿਸਾਂ ਨੂੰ ਲੈਣ, ਉਨ੍ਹਾਂ ਨੂੰ ਵਿਹਾਰਕ ਸਿਖਲਾਈ ਪ੍ਰਦਾਨ ਕਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ। ਇਸ ਪਾੜੇ ਨੂੰ ਪੂਰਾ ਕਰਨ ਲਈ ਤੁਰਤ ਕਦਮ ਚੁੱਕਦੇ ਹੋਏ, ਡਾ. ਸਾਹਨੀ ਨੇ ਐਲਾਨ ਕੀਤਾ ਕਿ ਉਹ ਇਸ ਸਕੀਮ ਅਧੀਨ ਨੌਜਵਾਨਾਂ ਦੇ ਦਾਖਲੇ ਨੂੰ ਵਧਾਉਣ ਲਈ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ (ਡੀ.ਸੀ.) ਨੂੰ ਲਿਖ ਰਹੇ ਹਨ। ਉਹਨਾ ਕਿਹਾ ਕਿ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

### ਪੰਜਾਬ ਸਰਕਾਰ ਨੂੰ

# ਦਿੱਲੀ ਦੀਆਂ ਚੋਣਾਂ ਤੋਂ ਲੈਣਾ ਚਾਹੀਦਾ ਹੈ ਸਬਕ : ਪੀ.ਡੀ. ਸ਼ਰਮਾ

**ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ)** :— ਦਿੱਲੀ ਦੀਆਂ ਚੋਣਾਂ ਦੇ ਨਤੀਜੇ ਕੇਜਰੀਵਾਲ ਦੇ ਹੱਕ ਵਿੱਚ ਆਉਣ ਦੀ ਉਮੀਦ ਘੱਟ ਹੀ ਸੀ ਲੇਕਿਨ ਇਨੀ ਬੁਰੀ ਤਰ੍ਹਾਂ ਨਾਲ ਹਾਰ ਹੋਏਗੀ ਇਸ ਦਾ ਅੰਦਾਜ਼ਾ ਨਹੀਂ ਸੀ। ਇਸ ਸਬੰਧੀ ਗੱਲ ਕਰਦੇ ਹੋਏ ਪੀ.ਡੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਸੀਨੀਅਰ ਸਿਟੀਜਨ ਕੌਂਸਲ ਰਜਿ ਫਿਰੋਜਪੁਰ ਪੰਜਾਬ ਨੇ ਦੱਸਿਆ ਕਿ ਉਨ੍ਹਾਂ ਨੇ 2013 ਅਤੇ ਲਗਭਗ ਤਿੰਨ ਮਹੀਨੇ ਪਹਿਲੇ ਦੋ ਪੱਤਰ ਕੇਜਰੀਵਾਲ ਨੂੰ ਭੇਜ ਕੇ ਚਤਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੈਨੂੰ ਜਾਪਦਾ ਤੇ ਉਨ੍ਹਾਂ ਨੇ ਉਹ ਦੋਵੇਂ ਪੱਤਰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੇ ਹੋਣਗੇ, ਪੰਜਾਬ ਵਿੱਚ ਜਿਸ ਤਰ੍ਹਾਂ ਸਰਕਾਰ ਕੰਮ ਕਰ ਰਹੀ ਹੈ। ਇਹ ਆਪ ਲਈ ਖਤਰੇ ਦੀ ਘੰਟੀ ਤੋਂ ਘੱਟ ਨਹੀਂ, ਪਰ ਸ਼ਾਇਦ ਕੇਜਰੀਵਾਲ ਸਾਹਿਬ ਨੇ ਉਸ ਵੱਲ ਧਿਆਨ ਦੇਣਾ ਜਰੂਰੀ ਨਹੀਂ ਸਮਝਿਆ, 2024 ਵਿੱਚ ਲਿਖੀ ਚਿੱਠੀ ਵਿੱਚ ਉਨ੍ਹਾਂ ਨੂੰ 10 ਗੱਲਾਂ ਵਿਸ਼ੇਸ਼ ਤੌਰ ਤੇ ਲਿਖੀਆਂ ਸਨ। ਮੈਨੂੰ ਜਾਪਦਾ ਹੈ ਕਿ ਉਨ੍ਹਾਂ ਨੇ ਇਸ ਚਿੱਠੀ ਨੂੰ ਰੱਦੀ ਦਾ ਟੁਕੜਾ ਸਮਝ ਕੇ ਕਿਸੇ ਖੂੰਝ ਵਿੱਚ ਸੁੱਟ ਦਿੱਤਾ ਤੇ ਉਸ ਦਾ ਨਤੀਜਾ ਉਨ੍ਹਾ ਦੇ ਸਾਹਮਣੇ ਆ ਗਿਆ। ਮੈਂ ਉਨ੍ਹਾਂ ਨੂੰ 10 ਗੱਲਾਂ ਵਿਸ਼ੇਸ਼ ਤੌਰ ਤੇ ਲਿਖੀਆਂ ਸਨ ਜਿਨਾਂ ਵੱਲ ਧਿਆਨ ਦੇਣ ਦੀ ਲੋੜ ਸੀ ਉਹ ਗੱਲਾਂ ਇਸ ਤਰ੍ਹਾਂ ਸਨ। ਪਹਿਲਾ ਕਰਮਚਾਰੀ ਸਰਕਾਰ ਦੀ ਰੀੜ ਦੀ ਹੱਡੀ ਹੁੰਦੇ ਹਨ, ਦੂਸਰਾ ਮੀਡੀਆ ਸਰਕਾਰ ਦਾ ਚੌਥਾ ਪਾਵਾ ਹੁੰਦਾ ਹੈ ਤੀਸਰਾ ਕਿਸਾਨ ਦੇ ਬਿਨਾਂ ਪੰਜਾਬ ਵਿਚ ਸਰਕਾਰ ਬਣਾਉਣਾ ਅਸੰਭਵ ਹੈ ਚੌਥਾ ਸਿੱਖਿਆ ਹੀ ਸਰਕਾਰ ਦੀ ਨੀਂਹ ਹੈ ਪੰਜਵਾਂ ਸਿਹਤ ਵਿਭਾਗ ਲੋਕਾਂ ਦੀ ਜਿੰਦਜਾਨ ਹੁੰਦਾ ਹੈ, ਛੇਵਾਂ ਪ੍ਰਸ਼ਾਸਨ ਸਰਕਾਰਾਂ ਨੂੰ ਬਣਾਉਣ ਤੇ ਡੇਗਣ ਦੇ ਕੰਮ ਵਿੱਚ ਸਹਾਈ ਹੁੰਦਾ ਹੈ ਲੋਕਾਂ ਦੀ ਸੁਰੱਖਿਆ ਕਿਸੇ ਵੀ ਸਰਕਾਰ ਦੀ ਪਹਿਲੀ ਪੌੜੀ ਹੈ ਤੇ ਅੱਠਵਾਂ ਇੰਡਸਟਰੀ ਕਿਸੇ ਵੀ ਰਾਜ ਵਿੱਚ ਯੁਵਕਾਂ ਨੂੰ ਰੋਜ਼ਗਾਰ ਦੇਣ ਦੇ ਵਿੱਚ ਸਹਾਈ ਹੁੰਦੀ ਹੈ, ਨੌਵਾਂ ਨੇਤਾਵਾਂ ਨੂੰ ਜਮੀਨੀ ਪੱਧਰ ਤੇ ਜੋੜਨਾ ਸਰਕਾਰਾਂ ਦਾ ਕਵਰ ਹੁੰਦਾ ਹੈ ਨੇਤਾਵਾਂ ਦਾ ਜਮੀਨੀ ਪੱਧਰ ਤੇ ਜੁੜਨਾ ਬਹੁਤ ਹੀ ਜਰੂਰੀ ਹੈ। ਇਹ ਵੀ ਲਿਖਿਆ ਸੀ ਜੇਕਰ ਇਨ੍ਹਾਂ ਗੱਲਾਂ ਵੱਲ ਧਿਆਨ ਨਾ ਦਿੱਤਾ ਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਵੀ ਆਪ ਦੀ ਸਰਕਾਰ ਖਤਰੇ ਵਿੱਚ ਹੋਵੇਗੀ, ਇਸ ਦਾ ਨਤੀਜਾ ਦਿੱਲੀ ਦੀਆਂ ਚੋਣਾਂ ਸਾਨੂੰ ਦੱਸ ਰਹੀਆਂ ਹਨ। ਜੇਕਰ ਚੁਕੰਨੇ ਹੋ ਕੇ ਚੋਣ ਲੜੀ ਹੁੰਦੀ ਤਾਂ ਸ਼ਾਇਦ ਐਡੀ ਬੁਰੀ ਤਰ੍ਹਾਂ ਨਾਲ ਹਾਰ ਨਾ ਹੁੰਦੀ। ਕੇਜਰੀਵਾਲ ਜੀ ਦਾ ਖੁਦ ਹੀ ਹਾਰ ਜਾਣਾ, ਮਨੀਸ਼ ਸੋਧੀਆ ਅਤੇ ਹੋਰਾਂ ਦਾ ਹਾਰ ਜਾਣਾ ਇਹ ਬਹੁਤ ਹੀ ਵੱਡੀ ਗੱਲ ਹੈ ਤੇ ਇਸ ਤੇ ਮੰਥਨ ਵੀ ਕਰਨਾ ਚਾਹੀਦਾ ਹੈ। ਉਹ ਸਰਕਾਰ ਜਿਹੜੀ ਆਪਣੇ ਕਰਮਚਾਰੀਆਂ ਨੂੰ ਸਾਲ ਸਾਲ ਭਰ ਤਨਖਾਹ ਨਾ ਦੇਵੇ, ਜਿਹੜੀ ਸਮਾਲ ਨਿਊਜ਼ ਪੇਪਰ ਨੂੰ ਰੱਦੀ ਦੀ ਟੁਕੜਾ ਸਮਝੇ, ਜਿਹੜੀ ਕਿਸਾਨਾਂ ਨਾਲ ਇਸ ਤਰ੍ਹਾਂ ਦਾ ਵਿਵਹਾਰ ਕਰੇ। ਜਿਹੜੀ ਸਿੱਖਿਆ ਦੇ ਮਿਆਰ ਨੂੰ ਸਮਝਣ ਦੀ ਕੋਸ਼ਿਸ਼ ਨਾ ਕਰੇ ਅਧਿਆਪਕ ਨੂੰ ਸਾਲ ਸਾਲ ਭਰ ਤਨਖਾਹ ਨਾ ਦੇਵੇ ਪ੍ਰਸ਼ਾਸਨ ਦੇ ਨਾਂ ਦਾ ਡੰਕਾ ਵਜਾਵੇ ਪਰ ਕਰੇ ਕੁਛ ਨਾ ਲੋਕਾਂ ਦੀ ਸੁਰੱਖਿਆ ਖਤਰੇ ਵਿੱਚ ਹੋਵੇ, ਨੇਤਾਵਾਂ ਦਾ ਜਮੀਨੀ ਪੱਧਰ ਤੱਕ ਪੁੱਜਣਾ ਤਾ ਦੂਰ ਦੀ ਗੱਲ ਜਮੀਨੀ ਬੰਦੇ ਦੀ ਗੱਲ ਵੀ ਨਾ ਸੁਣਨ ਤਾਂ ਤੁਸੀਂ ਦੱਸੋ ਸਰਕਾਰ ਕਿਵੇਂ ਦੁਬਾਰਾ ਆ ਸਕਦੀ ਹੈ। ਇਹ ਗੱਲ ਤਾਂ ਬਿਲਕੁਲ ਸਪਸ਼ਟ ਹੈ ਤੇ ਜਮੀਨੀ ਹਕੀਕਤ ਵੀ ਹੈ। ਇੱਕ ਵਾਰ ਉਨ੍ਹਾਂ ਨੂੰ ਵਿਚਾਰ ਕਰਨਾ ਚਾਹੀਦਾ ਕਿ ਉਹ ਇਸ ਤਰ੍ਹਾਂ ਦੇ ਕੰਮ ਕਿਉਂ ਕਰ ਰਹੀਆਂ ਨੇ ਜਿਸ ਦਾ ਨੁਕਸਾਨ ਦਿੱਲੀ ਦੇ ਵਿੱਚ ਆਮ ਆਦਮੀ ਪਾਰਟੀ ਨੂੰ ਹੋ ਚੁੱਕਾ ਹੈ ਆਮ ਆਦਮੀ ਪਾਰਟੀ ਨੂੰ ਜਾਗਣਾ ਪਵੇਗਾ ਨਹੀਂ ਤਾਂ ਦੁਸ਼ਮਣ ਬਥੇਰੇ। ਇਹ ਵੀ ਦੱਸਣਾ ਚਾਹਾਂਗਾ ਕਿ ਇਸ ਪੱਤਰ ਤੋਂ ਪਹਿਲਾਂ ਕੇਜਰੀਵਾਲ ਜੀ ਨੂੰ ਇੱਕ ਪੱਤਰ ਲਿਖਿਆ ਸੀ ਜਦੋਂ ਉਹ ਪਹਿਲੀ ਵਾਰ ਸਰਕਾਰ ਬਣਾਉਣ ਦਾ ਵਿਚਾਰ ਕਰ ਰਹੇ ਸਨ ਤਾਂ ਮੈਂ ਉਹਨਾਂ ਨੂੰ ਉਸ ਵੇਲੇ ਇਹ ਲਿਖਿਆ ਸੀ ਕਿ ਤੁਸੀਂ ਸਰਕਾਰ ਬਿਲਕੁਲ ਨਾ ਬਣਾਉਣਾ ਪਰ ਫਿਰ ਵੀ ਸਰਕਾਰ ਬਣਾਈ ਤੇ ਕਿਨੇ ਦਿਨ ਚੱਲੀ ਇਹ ਗੱਲ ਭੁੱਲੀ ਤਾਂ ਕਿਸੇ ਤੋਂ ਹੈ ਨਹੀਂ। ਅਖਬਾਰ ਮੁਤਾਬਿਕ ਸਰਕਾਰ ਨੇ 15 ਬ੍ਰਿਧ ਆਸ਼ਰਮਾਂ ਨੂੰ 4 ਕਰੋੜ 21 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਹੈ, ਪਰ ਸੀਨੀਅਰ ਕੌਂਸਲ ਫਿਰੋਜ਼ਪੁਰ ਦਾ ਬੜੇ ਲੰਬੇ ਸਮੇਂ ਤੋਂ ਪ੍ਰਧਾਨ ਹੋਣ ਦੇ ਨਾਤੇ ਮੈਨੂੰ ਸੀਨੀਅਰ ਸਿਟੀਜਨ ਬਾਰੇ ਕਾਫੀ ਜਾਣਕਾਰੀ ਹੈ, ਫਿਰੋਜ਼ਪੁਰ ਨੂੰ ਵੀ 26 ਲੱਖ 37 ਹਜਾਰ ਰੁਪਏ ਦੀ ਗਰਾਂਟ ਜਾਰੀ ਕੀਤੀ ਹੈ ਪਰ ਫਿਰੋਜ਼ਪੁਰ ਵਿੱਚ ਰੈਡ ਕਰਾਸ ਦੇ ਅਧੀਨ ਸਰਕਾਰੀ ਬ੍ਰਿਧ ਆਸ਼ਰਮ ਬਿਰਧਾਂ ਦੀ ਸਾਲਾਂ ਤੋਂ ਉਡੀਕਣ ਰਿਹਾ ਹੈ ਪਰ ਜਿਹੜੇ ਬਜ਼ੁਰਗ ਇਸ ਆਸ਼ਰਮ ਵਿੱਚ ਆਉਂਦੇ ਪ੍ਰਸ਼ਾਸਨ ਵੱਲੋਂ ਉਨਾਂ ਨੂੰ ਕੱਢਣ ਦੀ ਕੋਸ਼ਿਸ਼ਾਂ ਹੁੰਦੀਆਂ ਰਹਿੰਦੀਆਂ ਨੇ ਹਾਲਾਂਕਿ ਇੱਥੇ ਨੇੜੇ ਤੇੜੇ ਕੋਈ ਵੀ ਸਰਕਾਰੀ ਬਿਰਧ ਆਸ਼ਰਮ ਨਹੀਂ ਚੱਲ ਰਿਹਾ ਹੈ ਤੇ ਸਰਕਾਰ ਬਜ਼ੁਰਗਾਂ ਦੇ ਕਲਿਆਣ ਦੀਆਂ ਗੱਲਾਂ ਕਰ ਰਹੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਕਰਮਚਾਰੀ ਨੂੰ ਸਾਲ ਭਰ ਤਨਖਾਹ ਨਾ ਮਿਲੇ ਉਹ ਕਰਮਚਾਰੀ ਕਿਵੇਂ ਸਰਕਾਰ ਨੂੰ ਦੁਆਵਾਂ ਦੇਵੇਗਾ, ਜਿਸ ਅਖਬਾਰ ਨੂੰ ਕੇਂਦਰ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ ਉਸ ਦੇ ਸੰਪਾਦਕ ਨੂੰ ਡੀ.ਪੀ.ਆਰ.ਓ. ਵੱਲੋਂ ਆਈ ਕਾਰਡ ਤੱਕ ਜਾਰੀ ਨਾ ਕਰੇ ਤਾਂ ਸਰਕਾਰ ਕਿੱਥੇ ਖੜੇਗੀ। ਸਰਕਾਰ ਨੂੰ ਇਹਨਾਂ ਗੱਲਾਂ ਵੱਲ ਧਿਆਨ ਦੇਣਾ ਪਵੇਗਾ ਨਹੀਂ ਤਾਂ ਇਹ ਵੀ ਸਰਕਾਰ ਬਹੁਤੀ ਦੇਰ ਤੱਕ ਚੱਲਦੀ ਨਜ਼ਰ ਨਹੀਂ ਆਉਂਦੀ।



ਆਵਾਜ਼ਿ ਕੌਮ AWAZE QAUM International Newspaper & WEB TV

### ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਵੱਲੋਂ

# ਲਗਾਇਆ ਗਿਆ 'ਮਹਿਲਾ ਸਮਸਿਆ ਅਤੇ ਸਮਾਧਾਨ' ਕੈਂਪ




**ਚੌਂਕ ਮਹਿਤਾ, 11 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮੁਸ਼ਿਕਲਾਂ ਦਾ ਸਾਹਮਣਾ ਕਰ ਰਹੀਆਂ ਮਹਿਲਾਵਾਂ ਨੂੰ ਉਹਨਾਂ ਦੀਆਂ ਮੁਸ਼ਿਕਲਾ ਤੋਂ ਮੁੱਕਤੀ ਦਿਵਾਉਣ ਦੇ ਉਦੇਸ਼ ਨਾਲ ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਵੱਲੋ "ਮਹਿਲਾ ਸਮਸਿਆ ਅਤੇ ਸਮਾਧਾਨ" ਕੈਂਪ ਲਗਾਇਆ ਗਿਆ। ਦੋਨਾਂ ਸੰਸਥਾਵਾ ਦੀ ਸੰਸਥਾਪਕ ਡਾ. ਸਵਰਾਜ ਗਰੋਵਰ ਅਤੇ ਮੁੱਖ ਸਲਾਹਕਾਰ ਸ਼੍ਰੀਮਤੀ ਸੁਰਜੀਤ ਕੌਰ ਦੀ ਅਗਵਾਈ ਹੇਠ ਲਗਾਇਆ ਗਿਆ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਅਜ ਨਾਰੀ ਘਰੇਲੂ ਹਿੰਸਾ, ਭਰੂਣ ਹੱਤਿਆ, ਦਾੱਜ ਹੱਤਿਆ, ਅਨਪੜਤਾ, ਅੰਧਵਿਸ਼ਵਾਸ, ਅੱਤਿਆਚਾਰ, ਰੇਪ, ਤੇਜਾਬੀ ਹਮਲਿਆਂ ਨਾਲ ਪੀੜਤ ਹਨ। ਨਾਰੀ ਦੇਸ਼ ਦਾ ਸਵਾਭੀਮਾਨ ਹੈ। ਨਾਰੀ ਭਾਰਤ ਮਾਤਾ ਦੀ ਆਤਮਾ ਹੈ। ਨਾਰੀ ਕੁਦਰਤ ਦੀ ਕੀਮਤੀ ਤੋਫਾ ਹੈ। ਨਾਰੀ ਕਈ ਸ਼ਕਤੀ ਦਾ ਭੰਡਾਰ ਹੈ। ਨਾਰੀ ਦੇ ਕੋਲ ਸੰਜੀਵਨੀ ਸ਼ਕਤੀਆਂ ਹਨ। ਨਾਰੀ ਨੂੰ ਆਪਣੀ ਤਾਕਤ ਨਾਲ ਅਨਿਯਾਂ ਦੇ ਖਿਲਾਫ ਲੜਣਾ ਹੋਵੇਗਾ ਸੁਰਜੀਤ ਕੌਰ ਨੇ ਕਿਹਾ ਕਿ ਨਾਰੀ ਨੂੰ ਦੇਵੀ ਦਾ ਦਰਜਾ ਸਾਡੇ ਧਾਰਮਿਕ ਗ੍ਰੰਥਾਂ ਨੇ ਦਿੱਤਾ ਹੈ। ਰਬ ਤੋਂ ਬਾਅਦ ਔਰਤ ਹੀ ਕੁਦਰਤ ਦੀ ਸੰਚਾਲਿਕਾ ਹੈ। ਉਸ ਨੂੰ ਆਪਣੀ ਤਾਂਕਤ ਨੂੰ ਪਹਿਚਾਣ ਕੇ ਆਪਣੀਆਂ ਮੁਸ਼ਕਲਾਂ ਦਾ ਹਲ ਖੁਦ ਹੀ ਲਭਣਾ ਪਵੇਗਾ। ਸਤਵਿੰਦਰ ਕੌਰ ਨੇ ਕਿਹਾ ਕਿ ਨਾਰੀ ਨੂੰ ਝਾਂਸੀ ਦੀ ਰਾਣੀ ਬਣ ਕੇ ਆਪਣੀ ਤਾਕਤ ਦੀ ਤਲਵਾਰ ਨਾਲ ਅਤਿਆਚਾਰਾ ਦਾ ਮੁਲਾਬਲਾ ਕਰਨਾ ਹੋਵੇਗਾ ਇਸ ਮੌਕੇ ਗੀਤਾ ਨਰੂਲਾ, ਪਰਵੀਨ ਬਤਰਾ, ਕੁਲਵੰਤ ਕੌਰ, ਬਲਜੀਤ ਕੌਰ, ਰਜਿੰਦਰ ਕੌਰ, ਮਹਿੰਦਰ ਕੌਰ, ਜਸਵਿੰਦਰ ਕੌਰ, ਰੋਜੀ ਕੁਮਾਰੀ, ਪਰਮਿੰਦਰ ਕੌਰ, ਦਵਿੰਦਰ ਕੌਰ, ਸਿਮਰ ਕੌਰ, ਰਾਧਾ ਰਾਣੀ, ਮਨੂੰ ਕੌਰ ਅਤੇ ਅਨੂੰ ਕੁਮਾਰੀ ਆਦਿ ਮੈਂਬਰਾਂ ਨੇ ਸੰਕਲਪ ਲਿਆ ਕਿ ਅਨਿਯਾ ਪੀੜਤ ਔਰਤਾਂ ਨੂੰ ਨਿਯਾ ਦਿਵਾਉਣ ਦੀ ਕੋਸ਼ਿਸ਼ ਹਮੇਸ਼ਾ ਜਾਰੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ







**ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ)** :— ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁੱਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਸ੍ਰੀ ਗੁਰੂ ਹਰਿਰਾਏ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਵਿਦਿਆਰਥੀਆਂ ਵੱਲੋਂ ਮੂਲ ਮੰਤਰ ਸਾਹਿਬ ਜੀ ਦੇ ਜਾਪ ਕਰਨ ਉਪਰੰਤ ਕਵਿਤਾਵਾਂ ਅਤੇ ਕਵੀਸ਼ਰੀ ਗਾਇਨ ਕੀਤੀ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਸਮੂਹ ਵਿਦਿਆਰਥੀਆਂ ਤੇ ਅਧਿਆਪਕ ਸਾਹਿਬਾਨਾਂ ਨੂੰ ਵਧਾਈ ਦਿੱਤੀ ਅਤੇ ਸਾਹਿਬ ਸ੍ਰੀ ਗੁਰੂ ਹਰਿਰਾਏ ਦੇ ਜਨਮ ਦੀਆਂ ਸਾਖੀਆਂ ਨਾਲ ਜਾਣੂ ਕਰਵਾਇਆ ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਰਣਜੀਤ ਸਿੰਘ ਨੂੰ ਜਾਣਬੁਝ ਕੇ ਕੀਤਾ ਗਿਆ ਤੰਗ ਪ੍ਰੇਸ਼ਾਨ : ਬਲਵਿੰਦਰ ਕੌਰ



ਨਵੀਂ ਦਿੱਲੀ 11 ਫਰਵਰੀ (ਮਨਪ੍ਰੀਤ ਸਿੰਘ):– ਰਣਜੀਤ ਸਿੰਘ ਨੂੰ ਇਕ ਝੂਠੇ ਮਾਮਲੇ ਅੰਦਰ ਪੁਲਿਸ ਵਲੋਂ ਫਸਾਇਆ ਜਾ ਸਕਦਾ ਹੈ ਜਦ ਕਿ ਓਸ ਦਾ ਕਿਸੇ ਮਾਮਲੇ ਵਿਚ ਕੌਈ ਲੈਣਾ ਦੇਣਾ ਨਹੀਂ ਹੈ। ਰਣਜੀਤ ਸਿੰਘ ਦੇ ਮਾਤਾ ਜੀ ਸਰਦਾਰਨੀ ਬਲਵਿੰਦਰ ਕੌਰ ਦਸਦੇ ਹਨ ਕਿ ਸਿਹਤ ਪੱਖੋਂ ਤੰਦਰੁਸਤ ਰਹਿਣ ਲਈ ਰਣਜੀਤ ਸਿੰਘ ਜਿੰਮ ਦਾ ਬਹੁਤ ਸ਼ੋਕੀਨ ਸੀ ਜਿਸ ਕਰਕੇ ਓਸ ਨੇ ਜਿੰਮ ਦਾ ਕੰਮ ਕੀਤਾ ਹੋਇਆ ਸੀ ਤੇ ਓਸ ਦਾ ਜਿੰਮ ਦਾ ਕੰਮਕਾਰ ਬਹੁਤ ਵਧੀਆ ਚਲਦਾ ਸੀ। ਓਹ ਬੱਚਿਆਂ ਅਤੇ ਨੌਜੁਆਨਾਂ ਨੂੰ ਸਿਹਤ ਦੀ ਸਾਰ ਸੰਭਾਲ ਰੱਖਣ ਲਈ ਪ੍ਰੇਰਿਤ ਕਰਦਾ ਰਹਿੰਦਾ ਸੀ। ਉਨ੍ਹਾਂ ਕਿਹਾ ਕਿ ਪਰਿਵਾਰ ਦੇ ਇਕ ਮੈਂਬਰ ਤੇ ਪੁਲਿਸ ਵਲੋਂ ਇਕ ਮਾਮਲਾ ਦਰਜ਼ ਗਿਆ ਤੇ ਓਸ ਮਾਮਲੇ ਅੰਦਰ ਰਣਜੀਤ ਸਿੰਘ ਜੋ ਕਿ ਆਪਣਾ ਜਿੰਮ ਚਲਾ ਕੇ ਚੰਗਾ ਗੁਜ਼ਾਰਾ ਕਰਦਾ ਹੁੰਦਾ ਸੀ, ਦਾ ਕਿਸੇ ਕਿਸਮ ਦਾ ਕੌਈ ਲੈਣਾ ਦੇਣਾ ਸੀ ਪਰ ਪੁਲਿਸ ਵਲੋਂ ਸ਼ਰੀਰਕ ਪੱਖੋਂ ਚੰਗੀ ਸਿਹਤ ਹੋਣ ਕਰਕੇ ਜਾਣਬੁਝ ਕੇ ਓਸ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਓਸ ਨੂੰ ਵਾਰ ਵਾਰ ਥਾਣਿਆ ਅੰਦਰ ਸੱਦ ਕੇ ਮਾਨਸਿਕ ਤੌਰ ਤੇ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਸੀ ਜਿਸ ਕਰਕੇ ਉਸਦਾ ਪਤਨੀ ਨਾਲ ਵੀ ਗ੍ਰਹਿ ਕਲੇਸ਼ ਹੁੰਦਾ ਰਹਿੰਦਾ ਸੀ। ਓਹ ਇੰਨ੍ਹਾ ਚੱਕਰਾਂ ਤੋਂ ਤੰਗ ਆ ਕੇ ਆਪਣੇ ਨਿੱਜੀ ਵਸੀਲਿਆ ਰਾਹੀਂ ਵਿਦੇਸ਼ ਚਲਾ ਗਿਆ ਤੇ ਉਸਦੀ ਪਤਨੀ ਵੀ ਓਸ ਨੂੰ ਛੱਡ ਕੇ ਚਲੀ ਗਈ ਸੀ। ਉਨ੍ਹਾਂ ਕਿਹਾ ਕਿ ਸਾਨੂੰ ਖਦਸ਼ਾ ਹੈ ਕਿ ਜ਼ੇਕਰ ਓਹ ਵਾਪਿਸ ਘਰ ਪਰਤਦਾ ਹੈ ਤਾਂ ਓਸ ਦਾ ਨੁਕਸਾਨ ਕੀਤਾ ਜਾ ਸਕਦਾ ਜਾਂ ਮੁੜ ਤੋਂ ਪੁੱਛਗਿਚ ਦੇ ਚੱਕਰਾਂ ਅੰਦਰ ਫਸਾਇਆ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਬੇਗਮ ਪੁਰਾ ਸਹਰ ਕੋ ਨਾਉ ॥

**ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜਵਾਲੁ ॥1॥**
**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥1॥ ਰਹਾਉ ॥**

ਭਗਤੀ ਲਹਿਰ ਦੇ ਸ਼੍ਰੋਮਣੀ ਭਗਤ ਮਹਾਨ ਕ੍ਰਾਂਤਕਾਰੀ ਬਾਬਾ ਰਵਿਦਾਸ ਜੀ ਦੇ 648ਵੇਂ ਜਨਮ ਉਤਸਵ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ! :– ਗੁਰਚਰਨ ਸਿੰਘ ਗੁਰਾਇਆ

ਭਗਤੀ ਲਹਿਰ ਦੇ ਸ਼ਰੋਮਣੀ ਭਗਤ ਰਵਿਦਾਸ ਜੀ ਦਾ 648 ਵਾਂ ਪ੍ਰਕਾਸ਼ ਉਤਸਵ ਸੰਸਾਰ ਅੰਦਰ ਬਹੁਤ ਹੀ ਸ਼ਰਧਾਂ ਤੇ ਭਾਵਨਾਂ ਨਾਲ ਮਨਾਇਆਂ ਜਾ ਰਿਹਾ ਹੈ। ਭਗਤ ਰਵਿਦਾਸ ਜੀ ਬ੍ਰਹਮਣਵਾਦ ਵੱਲੋਂ ਪਾਈ ਵਰ੍ਹਣ ਵੰਡ ਦੀ ਅਖੌਤੀ ਨੀਵੀ ਸ਼ੂਦਰ ਜਾਤੀ ਨਾਲ ਸਬੰਧਤ ਸਨ। ਜਿਨ੍ਹਾਂ ਤੇ ਬ੍ਰਹਮਣਵਾਦ ਨੇ ਅਕਾਲ ਪੁਰਖ ਦੀ ਬੰਦਗੀ ਕਰਨ ਤੇ ਪਬੰਦੀ ਲਾਈ ਹੋਈ ਸੀ ਤੇ ਇਸ ਦੀ ਉਲੰਘਣਾ ਕਰਨ ਵਾਲਿਆ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਜਾਦੇ ਸਨ ।ਭਗਤ ਰਵਿਦਾਸ ਜੀ " ਨੀਚ ਜਾਤ ਹਰਿ ਜਪਤਿਆ ਉਤਮ ਪਦਵੀ ਪਾਏ ਦੇ ਮਾਹਾਂ ਵਾਕ ਅਨੁਸਾਰ ਅਕਾਲ ਪੁਰਖ ਦੀ ਬਦੰਗੀ ਕਰਕੇ ਉਸ ਨਾਲ ਇਕਮਿਕ ਹੋ ਗਏ ਤੇ ਜੋ ਉਹਨਾਂ ਨੂੰ ਰੱਬੀ ਗਿਆਨ ਪ੍ਰਾਪਤ ਹੋਇਆ ਉਹ ਪੰਜਵੇਂ ਗੁਰੂ ਨਾਨਕ ਦੀ ਜੋਤ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ ਬ੍ਰਹਮਵਾਦ ਦੇ ਪਾਏ ਊਚ ਨੀਚ, ਜਾਤ-ਪਾਤ ਦੇ ਪੰਖਡਵਾਦ ਨੂੰ ਸਦੀਵੀਂ ਤੌਰਤੇ ਖਤਮ ਕਰ ਦਿੱਤਾ ਸੀ। ਦਸਵੇਂ ਗੁਰੂ ਨਾਨਕ ਦੀ ਜੋਤ ਸਾਹਿਬੇ ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਹੁਲ ਦੇਣ ਸਮੇਂ ਇੱਕੋ ਬਾਟੇ ਵਿੱਚੋਂ ਪਹੁਲ ਛਕਾਕੇ ਸਭ ਨੂੰ ਗੁਰ ਭਾਈ ਬਣਾਉਣ ਤੇ ਮਨੁੱਖੀ ਜੀਵਨ ਜਾਂਚ ਦੇ ਖਜ਼ਾਨੇ ਛੇ ਗੁਰੂ ਸਾਹਿਬਾਨਾਂ, 15 ਭਗਤਾਂ, 11 ਭੱਟਾਂ ਤੇ ਤਿੰਨ ਗੁਰਸਿੱਖਾਂ ਦੇ ਰੱਬੀ ਗਿਆਨ ਦੇ ਭੰਡਾਰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਸਮੂਹ ਖਾਲਸਾ ਪੰਥ ਨੂੰ ਇਸ ਦੇ ਲੜ ਲਾਇਆ ।ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਰਵਿਦਾਸ ਜੀ ਦੇ 16 ਰਾਗਾਂ ਵਿੱਚ 40 ਸ਼ਬਦ ਹਨ ।ਜਿਨ੍ਹਾਂ ਵਿੱਚ ਭਗਤ ਜੀ ਦੇ ਰੱਬੀ ਗਿਆਨ ਤੇ ਬ੍ਰਹਮਵਾਦ ਦੇ ਪੰਖਡਵਾਦ ਤੇ ਮਾਰੀ ਚੋਟ ਸਾਫ ਝਲਕਾ ਮਾਰਦੀ ਹੈ। ਅੱਜ ਸ਼ੈਤਾਨ ਬ੍ਰਿਤੀ ਦੇ ਮਾਲਕ ਬ੍ਰਹਮਵਾਦ ਨੇ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਮਨਘੜ੍ਹਤ ਸਾਖੀਆਂ ਘੜ੍ਹਕੇ ਭਗਤ ਰਵਿਦਾਸ ਜੀ ਦਾ ਗੁਰੂ ਬ੍ਰਹਮਣ ਤੇ ਉਹਨਾਂ ਨੂੰ ਮੂਰਤੀ ਪੂਜਕ, ਕਰਮਕਾਂਡੀ, ਕਰਾਮਾਤੀ ਦਿਖਾਇਆ ਜਾ ਰਿਹਾ ਹੈ ਤੇ ਇੱਥੋਂ ਤੱਕ ਭਗਤ ਰਵਿਦਾਸ ਜੀ ਦੀ ਜਾਤ ਨਾਲ ਸਬੰਧਤ ਲੋਕ ਵੀ ਭਗਤ ਰਵਿਦਾਸ ਜੀ ਦੇ ਮੁਖਾਰਬਿੰਦ ਤੋ ਉਚਾਰੀ ਰੱਬੀ ਬਾਣੀ ਨੂੰ ਆਪ ਪੜ੍ਹਣ , ਵੀਚਾਰਨ ਤੇ ਉਸ ਉੱਪਰ ਚੱਲਣ ਦੀ ਬਜਾਏ ਬ੍ਰਹਮਵਾਦ ਦੇ ਵਿਛਾਏ ਜਾਲ ਵਿੱਚ ਉਲਝਦਾ ਸਾਫ ਨਜ਼ਰ ਆਉਦਾ ਹੈ ।ਦੂਜੇ ਪਾਸੇ ਜੇਕਰ ਕੋਈ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਝੁਕਾਉਣ ਤੇ ਖੰਡੇ ਦੀ ਪਹੁਲ ਵਾਲਾ ਲੈਣ ਵਾਲਾ ਸਿੱਖ ਜਾਤ ਦਾ ਅਭਿਮਾਨ ਕਰਦਾ ਹੈ ਉਹ ਗੁਰੂ ਦਾ ਸਿੱਖ ਨਹੀ ਹੋ ਸਕਦਾ ।ਧਰਮ ਦੇ ਨਾ ਤੇ ਮਨੁੱਖਤਾ ਦੀ ਲੁੱਟ ਕਰਨ ਵਾਲੇ ਬ੍ਰਹਮਣਵਾਦ ਨੇ, ਮਨੁੱਖੀ ਬਰਾਤਬਰਤਾ ਵਾਲੇ ਸਿੱਖ ਧਰਮ ਵਿੱਚ, ਜਿੱਥੇ ਆਪਣੀ ਸੋਚ ਤੇ ਆਪਣੇ ਹੱਥ ਠੋਕੇ ਫਿੱਟ ਕਰ ਦਿੱਤੇ ਹਨ। ਉਥੇ ਦੂਜੇ ਪਾਸੇ ਰਵਿਦਾਸ ਭਾਈਚਾਰੇ ਵਿੱਚ ਵੀ ਭਗਤ ਰਵਿਦਾਸ ਜੀ ਦੇ ਨਾ ਤੇ ਸਿਰਫ ਇਸ ਜਾਤ ਨਾਲ ਸਬੰਧਤ ਲੋਕਾਂ ਨੂੰ ਭਗਤ ਰਵਿਦਾਸ ਜੀ ਦੀ ਗੁਰਬਾਣੀ ਸਿਧਾਤ ਨੂੰ ਸਮਝਣ ਦੀ ਬਜਾਏ ,ਬ੍ਰਹਮਵਾਦੀ ਸੋਚ ਵੱਲੋ ਲਿਖੀਆਂ ਸਾਖੀਆਂ ਸੁਣਾਕੇ ਅਸਲ ਗੁਰਬਾਣੀ ਸਿਧਾਤ ਤੋਂ ਕੋਹਾ ਦੂਰ ਕੀਤਾ ਜਾ ਰਿਹਾ ਤੇ ਸਿੱਖ ਪੰਥ ਨਾਲੋਂ ਤੋੜਨ ਵਾਲਾ ਜ਼ਿਹਰ ਘੋਲਿਆਂ ਜਾ ਰਿਹਾ ਹੈ ।ਅੱਜ ਰਵਿਦਾਸ ਭਾਈਚਾਰੇ ਨਾਲ ਸਬੰਧਤ ਵੀਰ ਜੋ ਜਾਣੇ ਜਾਂ ਅਣਜਾਣੇ ਸਿਆਸੀ ਲੋਕਾਂ ਜਿਹਨਾਂ ਦਾ ਮਕਸਦ ਸਿਰਫ ਕੁਰਸੀ, ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚਲਣ ਵਾਲੇ ਸਿੱਖ ਪੰਥ ਦੇ ਦੁਸ਼ਮਣਾਂ ਦੀਆਂ ਚਾਲਾਂ ਵਿੱਚ ਘਿਰਕੇ ਸਿੱਖੀ ਵਿੱਚ ਨਾ ਬਰਾਬਰੀ ਦਾ ਬਹਾਨਾ ਬਣਾਉਣ ਵਾਲੇ ਵੀਰਾਂ ਨੂੰ ਸਿੱਖ ਕੌਮ ਦੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਵਾਗ ਗੁਰਮਤਿ ਸਿਧਾਤਾਂ ਨੂੰ ਆਪਣਾਉਣ ਦੀ ਲੋੜ ਹੈ। ਉਸ ਵਕਤ ਵੀ ਪੁਜਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਦਲਿਤਾਂ ਦੀ ਦੇਗ ਤੇ ਅਰਦਾਸ ਦੀ ਮਨਾਹੀ ਕਰ ਦਿੱਤੀ ਸੀ ਤਾਂ ਗਿਆਨੀ ਦਿੱਤ ਸਿੰਘ ਜੀ ,ਪ੍ਰੋ. ਗੁਰਮੁੱਖ ਸਿੰਘ ਜੀ ਨੇ ਸਿੰਘ ਸਭਾ ਲਹਿਰ ਇਹਨਾਂ ਆਈਆਂ ਗਿਰਾਵਾਟਾਂ ਦੇ ਖਿਲਾਫ ਚਲਾਈ ਸੀ। ਜਿਸ ਨੇ ਬਹੁਤ ਹੀ ਸੁਧਾਰਵਾਦੀ ਕੰਮ ਕੀਤੇ ਤੇ ਇਸੇ ਹੀ ਲਹਿਰ ਵਿੱਚੋ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਦ ਵਿੱਚ ਆਈ ਸੀ ।ਜੇਕਰ ਅੱਜ ਧਰਮ ਦੇ ਬੁਰਕੇ ਵਿੱਚ ਸਿਆਸੀ ਆਧਰਮਿਕ ਲੋਕ ਕਾਬਜ਼ ਹੋਕੇ ਸਿੱਖੀ ਸਿਧਾਤਾਂ ਤੋਂ ਉਲਟ ਕੰਮ ਕਰਦੇ ਹਨ ਤਾਂ ਰਵਿਦਾਸ ਭਾਈਚਾਰੇ ਨੂੰ ਗੁਰਮਤਿ ਸਿਧਾਤਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਖੰਡੇ ਬਾਟੇ ਦੀ ਪਹੁਲ ਲੈ ਕੇ ਇਸ ਦੇ ਖਿਲਾਫ ਸੁਧਾਰ ਲਹਿਰ ਚਲਾਉਣ ਦੀ ਲੋੜ ਹੈ ਨਾ ਕਿ ਵੱਖਰਾ ਗ੍ਰੰਥ ਤੇ ਪੰਥ ਚਲਾਉਣ ਦੀ ।ਸੋ ਭਗਤ ਰਵਿਦਾਸ ਜੀ ਦੇ 648ਵਾਂ ਜਨਮ ਉਤਸਵ ਨੂੰ ਮਨਾਉਦੇ ਹੋਏ ਇਲਾਹੀ ਗੁਰਬਾਣੀ ਨੂੰ ਆਪ ਪੜ੍ਹਨ ਤੇ ਵੀਚਾਰਨ ਦੀ ਕੋਸ਼ਿਸ਼ ਕਰਕੇ ਉਸ ਤੋਂ ਸੇਧ ਲੈਕੇ ਆਪਣਾ ਜੀਵਨ ਬਸਰ ਕਰਨ ਦੀ ਕੋਸ਼ਿਸ਼ ਕਰੀਏ । ••



ਆਵਾਜ਼ਿ ਕੌਮ AWAZE QAUM International Newspaper & WEB TV

## ਫੱਗਣ ਦੀ ਸੰਗਰਾਂਦ

# ਫੱਗਣ ਮਹੀਨੇ ਲਈ ਵਿਸ਼ੇਸ਼ ਉਪਦੇਸ਼ ਬਾਰਹਮਾਹ ਮਾਝ ਵਿਚੋਂ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥13॥



**ਅਰਥ**

ਫਲਗੁਣਿ = ਫੱਗਣ (ਮਹੀਨੇ) ਵਿਚ। ਉਪਾਰਜਨਾ = ਉਪਜ, ਪ੍ਰਕਾਸ਼। ਰਾਮ ਕੇ ਸਹਾਈ = ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ। ਸੇਜ = ਹਿਰਦਾ। ਜਾਇ = ਥਾਂ। ਵਰੁ = ਖਸਮ-ਪ੍ਰਭੂ। ਗਾਵਹੀ = ਗਾਵਹਿ, ਗਾਂਦੀਆਂ ਹਨ। ਮੰਗਲੁ = ਖ਼ੁਸ਼ੀ ਦਾ ਗੀਤ, ਆਤਮਕ ਆਨੰਦ ਪੈਦਾ ਕਰਨ ਵਾਲਾ ਗੀਤ, ਸਿਫ਼ਤਿ-ਸਾਲਾਹ ਦੀ ਬਾਣੀ। ਅਲਾਇ-ਉਚਾਰ ਕੇ, ਅਲਾਪ ਕੇ। ਦਿਸਦੀ = ਦਿੱਸਦਾ। ਲਵੈ = ਨੇੜੇ। ਲਵੈ ਲਾਉਣੇ = ਨੇੜੇ ਤੇੜੇ, ਇਰਦ-ਗਿਰਦ। ਲਵੈ ਨ ਲਾਇ = ਲਵੈ ਲਾਉਣੇ ਨਹੀਂ, ਨੇੜੇ ਤੇੜੇ ਦਾ ਨਹੀਂ, ਬਰਾਬਰੀ ਕਰਨ ਜੋਗਾ ਨਹੀਂ। ਹਲਤੁ = 1> ਇਹ ਲੋਕ। ਪਲਤੁ => ਪਰ ਲੋਕ। ਸਵਾਰਿਓਨੁ = ਉਸ (ਪ੍ਰਭੂ) ਨੇ ਸਵਾਰ ਦਿੱਤਾ। ਦਿਤੀਅਨੁ = ਉਸ (ਪ੍ਰਭੂ) ਨੇ ਦਿੱਤੀ। ਜਾਇ = ਥਾਂ। ਤੇ = ਤੋਂ। ਰਖਿਅਨੁ = ਉਸ (ਹਰੀ) ਨੇ ਰੱਖ ਲਏ। ਧਾਇ = ਧਾਈ, ਭਟਕਣਾ। ਪਾਇ = ਪੈ ਕੇ। ਤਿਲੁ = ਰਤਾ ਭੀ। ਤਮਾਇ = ਤਮ੍ਹਾ, ਲਾਲਚ।

ਵਿਆਖਿਆ

(ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਫਿਰਨ ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਦੀ ਰਾਹੀਂ ਖ਼ੁਸ਼ੀਆਂ ਮਨਾਂਦੇ ਹਨ, ਪਰ) ਫੱਗਣ ਵਿਚ (ਉਹਨਾਂ ਜੀਵ-ਇਸਤ੍ਰੀਆਂ ਦੇ ਅੰਦਰ) ਆਤਮਕ ਆਨੰਦ ਪੈਦਾ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ, ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦੇਂਦੇ ਹਨ, ਉਹਨਾਂ ਦੀ ਹਿਰਦਾ-ਸੇਜ ਸੁੰਦਰ ਬਣ ਜਾਂਦੀ ਹੈ, ਉਹਨਾਂ ਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ, ਫਿਰ ਦੁੱਖਾਂ ਲਈ (ਉਹਨਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ। ਉਹਨਾਂ ਵਡ-ਭਾਗਣ ਜੀਵ-ਇਸਤ੍ਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ, ਉਹਨਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ, ਉਹ ਸਤ-ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫ਼ਤਿ-ਸਾਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਆਵਾਜ਼ਿ ਕੌਮ AWAZE QAUM International Newspaper & WEB TV

ਉਸ ਪਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ, ਉਹਨਾਂ ਨੂੰ (ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ) ਐਸੀ ਥਾਂ ਬਖ਼ਸ਼ੀ ਹੈ ਜੋ ਕਦੇ ਡੋਲਦੀ ਹੀ ਨਹੀਂ। ਪ੍ਰਭੂ ਨੇ ਸੰਸਾਰ-ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਹਨਾਂ ਦੀ ਦੌੜ ਭੱਜ ਨਹੀਂ ਹੁੰਦੀ।

ਹੇ ਨਾਨਕ! (ਆਖ-) ਸਾਡੀ ਇਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀਂ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ, ਪਰ) ਜੇਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ।


ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿਕ ਵਿਚੋਂ ਅਨੰਦ ਲੱਭਣ ਦੇ ਥਾਂ) ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਾਣ ਦਾ) ਰਤਾ ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ) ।13।

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥**




## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

## ਆਵਾਜ਼ਿ ਕੌਮ

Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ


ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

# 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

# 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

## ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ


ਧੰਨ ਧੰਨ ਮਾਤਾ ਗੁਜ਼ਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ
ਸਲਾਨਾ ਗੁਰਮਤਿ ਸਮਾਗਮ
21 ਲੋੜਵੰਦ ਪ੍ਰੀਵਾਰਾਂ ਦੀਆਂ ਲੜਕੀਆਂ ਦੇ ਵਿਆਹ
ਸਥਾਨ - ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਨੇੜੇ ਕਾਲਾਂਵਾਲੀ ਮੰਡੀ, ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ
ਮਹਾਨ ਨਗਰ ਕੀਰਤਨ
ਮਿਤੀ 22 ਫਰਵਰੀ 2025
ਸਵੇਰੇ 10 ਤੋਂ ਸ਼ਾਮ 5 ਵਜੇ ਤੱਕ
ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 23 ਫਰਵਰੀ 2025
ਸਵੇਰੇ 10 ਤੋਂ ਦੁਪਹਿਰ 3 ਵਜੇ ਤੱਕ
LIVE ON
Akaal
CHARDIKLA TIME TV
AWAZE QAUM TV
YouTube
ਪ੍ਰਸਿੱਧ ਸਮਾਜਸੇਵੀ ਹਰਵਿੰਦਰ ਸਿੰਘ ਹੈਰੀ ਘੁਮਾਣ USA, ਸ੍ਰੀ ਗੌਰਵ ਧੀਮਾਨ ਰਾਜਪੁਰਾ, ਅਟਾਰਨੀ ਸ਼ੁਬੇਗ ਸਿੰਘ ਮੁਲਤਾਨੀ USA, ਸ. ਸੁਖਦੀਪ ਸਿੰਘ ਓਬਰਾਏ ਚੰਡੀਗੜ, ਜਥੇਦਾਰ ਚਰਨ ਸਿੰਘ ਪ੍ਰੇਮਪੁਰਾ USA, ਪਦਮ ਸ੍ਰੀ ਜਗਜੀਤ ਸਿੰਘ ਦਰਦੀ ਚੜਦੀਕਲਾ ਗਰੁੱਪ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ ।
ਹਰ ਸਾਲ ਦੀ ਤਰਾਂ ਬੱਚੀਆਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ ਸਾਜੋ ਸਮਾਨ ਦੇ ਕੇ ਵਿਦਾ ਕੀਤਾ ਜਾਵੇਗਾ
ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸੰਪਰਕ ਨੰ: 93560-60960, 93560-60953
ਬੇਨਤੀ ਕਰਤਾ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਸੁੱਖ ਸੇਵਾ ਸਿਮਰਨ ਟਰਸੱਟ
ਚੇਅਰਮੈਨ,ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਆਜ਼ਾਦ ਅਤੇ ਸਮੂੰਹ ਸਾਧ ਸੰਗਤ


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ)
100 ਸਾਲਾ ਜਨਮ ਦਿਹਾੜਾ ਸ਼ਤਾਬਦੀ
ਮਿਤੀ 12 ਫਰਵਰੀ 2025
ਲੋੜਵੰਦ ਲੜਕੀਆਂ ਦੇ ਆਨੰਦ ਕਾਰਜ ਅਤੇ ਮਹਾਨ ਕੀਰਤਨ ਦਰਬਾਰ ਤੇ ਸੰਤ ਸਮਾਗਮ
ਮਿਤੀ 10 ਫਰਵਰੀ 2025 ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਸਵੇਰੇ 9 ਵਜੇ ਹੋਵੇਗੀ।
ਮਿਤੀ 11 ਫਰਵਰੀ 2025 ਦਿਨ ਮੰਗਲਵਾਰ ਨੂੰ ਮਹਾਨ ਕੀਰਤਨ ਦਰਬਾਰ ਰਾਤ ਦੇ ਦੀਵਾਨ ਸਮਾਂ ਸ਼ਾਮ 6 ਵਜੇ ਤੋਂ 10.30 ਤੱਕ ਭਾਈ ਆਸਾ ਸਿੰਘ ਗਰਲਜ਼ ਕਾਲਜ ਵਿਖੇ ਹੋਣਗੇ।
ਸੱਚਖੰਡਵਾਸੀ ਸ੍ਰੀਮਾਨ 108 ਮਹੰਤ ਤੀਰਥ ਸਿੰਘ ਜੀ (ਸੇਵਾਪੰਥੀ)
ਮਿਤੀ 12 ਫਰਵਰੀ 2025 ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਸਵੇਰੇ 10 ਵਜੇ ਟਿਕਾਣਾ ਸਾਹਿਬ ਵਿਖੇ ਹੋਵੇਗੀ
ਮਿਤੀ 12 ਫਰਵਰੀ 2025 ਦਿਨ ਬੁੱਧਵਾਰ ਨੂੰ ਲੋੜਵੰਦ ਲੜਕੀਆਂ ਦੇ ਆਨੰਦ ਕਾਰਜ ਅਤੇ ਸੰਤ ਸਮਾਗਮ ਭਾਈ ਆਸਾ ਸਿੰਘ ਗਰਲਜ਼ ਕਾਲਜ ਵਿਖੇ ਹੋਣਗੇ।
ਸਥਾਨ: ਮਹੰਤ ਤੀਰਥ ਸਿੰਘ ਸੇਵਾ ਪੰਥੀ ਜੀ ਦੇ ਯਾਦਗਾਰ ਅਸਥਾਨ ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਬਠਿੰਡਾ (ਪੰਜਾਬ)
LIVE
ਸਮੂਹ ਸਾਧ ਸੰਗਤ ਇਸ ਸਮਾਗਮ ਵਿੱਚ ਹਾਜਰੀ ਲਵਾਕੇ ਆਪਣਾ ਜੀਵਨ ਸਫਲਾ ਕਰੋ ਜੀ।
ਮਿਤੀ: 12 ਫਰਵਰੀ ਨੂੰ ਅੱਖਾਂ ਦਾ ਫਰੀ ਚੈਕਅੱਪ ਅਤੇ ਅਪ੍ਰੇਸ਼ਨ ਕੈਂਪ ਲਗਾਇਆ ਜਾਵੇਗਾ
ਸਥਾਨ: ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਮੰਡੀ (ਬਠਿੰਡਾ)
ਸਟੇਜ ਦੀ ਸੇਵਾ: ਸੰਤ ਹਰਵਿੰਦਰ ਸਿੰਘ ਜੀ (ਟਿੱਟੂ) ਕਰਨਗੇ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
98140-04503, 98140-35191
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸੰਤ ਰਣਜੀਤ ਸਿੰਘ ਜੀ
ਸੰਤ ਗਗਨਦੀਪ ਸਿੰਘ ਜੀ

### ਕਿਸਾਨ ਆਗੂ ਜਥੇਦਾਰ ਗੁਰਚਰਨ ਸਿੰਘ ਪੀਰਮੁਹੰਮਦ ਦੇ ਪੋਤਰੇ ਦੇ ਵਿਆਹ ਮੌਕੇ

# ਪਹੁੰਚੀਆਂ ਪੰਥ ਦੀਆਂ ਧਾਰਮਿਕ ਤੇ ਰਾਜਨੀਤਕ ਸਖਸੀਅਤਾਂ

## ਸ. ਕਰਨੈਲ ਸਿੰਘ ਪੀਰਮੁਹੰਮਦ, ਜੇਲ ਸੁਪਰਡੈਂਟ ਕੁਲਵੰਤ ਸਿੰਘ ਸਿੱਧੂ ਅਤੇ ਸ. ਜੁਗਰਾਜ ਸਿੰਘ ਸਿੱਧੂ ਸਿਵਲ ਜੱਜ ਨੇ ਪਰਿਵਾਰ ਵੱਲੋਂ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ










**ਮੱਖੂ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਜਥੇਦਾਰ ਗੁਰਚਰਨ ਸਿੰਘ ਪੀਰਮੁਹੰਮਦ ਦੇ ਪੋਤਰੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਸਰਪ੍ਰਸਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਛੋਟੇ ਬੇਟੇ ਸੁਖਰਾਜ ਸਿੰਘ ਸਿੱਧੂ ਦੇ ਸਗਨ ਅਤੇ ਅਨੰਦਕਾਰਜ ਮੌਕੇ ਸੱਚਖੰਡ ਹਰਮਿੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਭਾਈ ਗੁਰਮਿੰਦਰ ਸਿੰਘ, ਸੱਚਖੰਡ ਹਰਮਿੰਦਰ ਸਾਹਿਬ ਦੇ ਹਜੂਰੀ ਰਾਗੀ ਭਾਈ ਸਤਨਾਮ ਸਿੰਘ ਕੁਹਾੜਕਾ, ਸੱਚਖੰਡ ਹਰਮਿੰਦਰ ਸਾਹਿਬ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਕਰਨੈਲ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਐਕਟਿੰਗ ਪ੍ਰਧਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਅਮਰ ਸਹੀਦ ਸੰਤ ਜਰਨੈਲ ਸਿੰਘ ਭਿੰਡਰਾਵਾਲਿਆ ਦੇ ਵੱਡੇ ਸਪੁੱਤਰ ਭਾਈ ਈਸ਼ਰ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬਾ ਸਤਵੰਤ ਕੌਰ ਡਿਪਟੀ ਡਾਇਰੈਕਟਰ ਐਸ ਜੀ ਪੀ ਸੀ ਐਜੂਕੇਸ਼ਨ , ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਿੱਖ ਪ੍ਰਚਾਰਕ ਭਾਈ ਬਲਜੀਤ ਸਿੰਘ ਦਾਦੂਵਾਲ ਭਾਈ ਜਰਨੈਲ ਸਿੰਘ, ਭਾਈ ਦਰਸਨ ਸਿੰਘ ਘੋਲੀਆ, ਦਮਦਮੀ ਟਕਸਾਲ ਜਥਾ ਭਿੰਡਰਾ ਮਹਿਤਾ ਦੇ ਮੁੱਖ ਬੁਲਾਰੇ ਭਾਈ ਸੁਖਦੇਵ ਸਿੰਘ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ੍ ਕੁਲਵੰਤ ਸਿੰਘ ਮੰਨਣ ,ਸਾਬਕਾ ਮੰਤਰੀ ਡਾ ਦਲਜੀਤ ਸਿੰਘ ਚੀਮਾ, ਜਥੇਦਾਰ ਹੀਰਾ ਸਿੰਘ ਗਾਬੜੀਆ ਸਾਬਕਾ ਕੈਬਨਿਟ ਮੰਤਰੀ, ਸ੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਬਰ ਇਕਬਾਲ ਸਿੰਘ ਝੂੰਦਾਂ , ਸੰਤ ਬਾਬਾ ਪ੍ਰਿਤਪਾਲ ਸਿੰਘ ਦੇ ਬੇਟੇ ਤੇਜਸਵਰਪ੍ਰਤਾਪ ਸਿੰਘ ਗੋਬਿੰਦ, ਪੀਰ ਜੀ ਸੀਸਵਾਂ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਰਨਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ , ਸਾਬਕਾ ਜਰਨਲ ਸਕੱਤਰ ਸ੍ਰ ਗੁਰਚਰਨ ਸਿੰਘ ਗਰੇਵਾਲ , ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਈ ਮਨਜੀਤ ਸਿੰਘ, ਚੜਦੀਕਲਾ ਟਾਈਮ ਟੀਵੀ ਦੇ ਮੁੱਖ ਸੰਪਾਦਕ ਸ ਜਗਜੀਤ ਸਿੰਘ ਦਰਦੀ ਦੇ ਬੇਟੇ ਸ੍ ਹਰਪ੍ਰੀਤ ਸਿੰਘ ਦਰਦੀ ,ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਧਾਰਮਿਕ ਵਿੰਗ ਪੰਜਾਬ ਦੇ ਪ੍ਰਧਾਨ ਡਾਕਟਰ ਮਨਜੀਤ ਸਿੰਘ ਭੌਮਾ , ਫੈਡਰੇਸ਼ਨ ਦੇ ਸਾਬਕਾ ਸਕੱਤਰ ਜਰਨਲ ਇੰਜੀਨੀਅਰ ਸਰਬਜੀਤ ਸਿੰਘ ਸੋਹਲ , ਐਸ ਜੀ ਪੀ ਸੀ ਦੇ ਸਾਬਕਾ ਸਕੱਤਰ ਸ੍ ਹਰਭਜਨ ਸਿੰਘ ਮਨਾਵਾਂ , ਸਾਬਕਾ ਸਕੱਤਰ ਸ੍ਰ ਸੁਖਦੇਵ ਸਿੰਘ ਭੂਰਾਕੋਹਨਾਂ, ਐਸ ਜੀ ਜੀ ਪੀ ਸੀ ਮੈਬਰ ਗੁਰਮੀਤ ਸਿੰਘ ਬੂਹ , ਜੀਰਾ ਹਲਕੇ ਦੇ ਐਮ ਐਲ ਏ ਨਰੇਸ਼ ਕਟਾਰੀਆ ਦੇ ਬੇਟੇ ਸੰਕਰ ਕਟਾਰੀਆ, ਐਮ ਐਲ ਏ ਹਲਕਾ ਵਿਧਾਇਕ

(ਬਾਕੀ ਅਗਲੇ ਪੰਨੇ 'ਤੇ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243


### ਕਿਸਾਨ ਆਗੂ ਜਥੇਦਾਰ ਗੁਰਚਰਨ ਸਿੰਘ ਪੀਰਮੁਹੰਮਦ ਦੇ ਪੋਤਰੇ ਦੇ ਵਿਆਹ ਮੌਕੇ

# ਪਹੁੰਚੀਆਂ ਪੰਥ ਦੀਆਂ ਧਾਰਮਿਕ ਤੇ ਰਾਜਨੀਤਕ ਸਖਸੀਅਤਾਂ

## ਸ. ਕਰਨੈਲ ਸਿੰਘ ਪੀਰਮੁਹੰਮਦ, ਜੇਲ ਸੁਪਰਡੈਂਟ ਕੁਲਵੰਤ ਸਿੰਘ ਸਿੱਧੂ ਅਤੇ ਸ. ਜੁਗਰਾਜ ਸਿੰਘ ਸਿੱਧੂ ਸਿਵਲ ਜੱਜ ਨੇ ਪਰਿਵਾਰ ਵੱਲੋਂ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ










ਧਰਮਕੋਟ ਦਵਿੰਦਰਜੀਤ ਸਿੰਘ ਢੋਸ, ਸ੍ ਹਰਪ੍ਰੀਤ ਸਿੰਘ ਹੀਰੋ, ਸਾਬਕਾ ਵਿਧਾਇਕ ਸ ਕੁਲਬੀਰ ਸਿੰਘ ਜੀਰਾ , ਸਾਬਕਾ ਚੇਅਰਮੈਨ ਸ ਅਵਤਾਰ ਸਿੰਘ ਜੀਰਾ , ਅਕਾਲੀ ਆਗੂ ਗੁਰਜੀਤ ਸਿੰਘ ਤਲਵੰਡੀ , ਸ੍ਰੌਮਣੀ ਅਕਾਲੀ ਦਲ ਦੀ ਜਰਨਲ ਸਕੱਤਰ ਬੀਬੀ ਜਸਵਿੰਦਰ ਕੌਰ ਸੋਹਲ , ਪ੍ਰਸਿੱਧ ਲੇਖਿਕਾ ਰੀਮਾ ਅਨੰਦ , ਕਰਤਾਰ ਆਸਰਾ ਟਰੱਸਟ ਦੀ ਚੇਅਰਪਰਸਨ ਬੀਬਾ ਚਰਨਕੰਵਲ ਕੌਰ , ਲੇਖਕ ਪਰਮਜੀਤ ਕੌਰ ਸਰਹਿੰਦ, ਹਰਭਿੰਦਰ ਸਿੰਘ ਸੰਧੂ ਜਸਵੰਤ ਸਿੰਘ ਗੋਗੀਆਂ ਬੇਅੰਤ ਕੌਰ ਗਿੱਲ, ਬਲਵਿੰਦਰ ਕੌਰ ਪੰਧੇਰ , ਸੱਜਣ ਕੁਮਾਰ ਕੇਸ ਦੇ ਮੁੱਖ ਗਵਾਹ ਜੰਗਸ਼ੇਰ ਸਿੰਘ, ਗਿਆਨੀ ਕੁਲਵਿੰਦਰ ਸਿੰਘ ਭੋਗਪੁਰ ਇਸਤਰੀ ਅਕਾਲੀ ਆਗੂ ਰੂਪ ਕੌਰ ਸੰਧੂ , ਸਿੱਖ ਆਗੂ ਭਵਨਦੀਪ ਸਿੰਘ ਸਿੱਧੂ, ਫੈਡਰੇਸ਼ਨ ਆਗੂ ਮਨਦੀਪ ਕੌਰ ਸੰਧੂ , ਸੁਖਵਿੰਦਰ ਸਿੰਘ ਸਹਿਜ਼ਾਦਾ , ਬਾਬਾ ਬਲਵਿੰਦਰ ਸਿੰਘ ਟਰੇਸੀ ਅਮਰੀਕਾ , ਬਾਬਾ ਸਰਬਜੋਤ ਸਿੰਘ ਡਾਗੋ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਫੁਰਮਾਨ ਸਿੰਘ ਸੰਧੂ , ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਗਰਾ , ਸਾਬਕਾ ਪ੍ਰਧਾਨ ਜਗਰੂਪ ਸਿੰਘ ਚੀਮਾ , ਸੁਖਵਿੰਦਰ ਸਿੰਘ ਦੀਨਾਨਗਰ, ਗਗਨਦੀਪ ਸਿੰਘ ਰਿਆੜ, ਡਾਕਟਰ ਕਾਰਜ ਸਿੰਘ ਧਰਮਸਿੰਘ ਵਾਲਾ , ਗੁਰਮੁੱਖ ਸਿੰਘ ਸੰਧੂ , ਗੁਰਬਖਸ ਸਿੰਘ ਸੇਖੋਂ , ਅਨੋਖ ਸਿੰਘ ਰੋਡੇ ਚੇਅਰਮੈਨ ਮਹਿਲ ਸਿੰਘ ਸੰਧੂ , ਡਾਕਟਰ ਹਰਭਜਨ ਸਿੰਘ ਕਰਨਾਣਾ ਸੀਨੀਅਰ ਪੱਤਰਕਾਰ ਯੈਸ ਪੰਜਾਬ ਦੇ ਮੁੱਖ ਸੰਪਾਦਕ ਐਚ ਐਸ ਬਾਵਾ , ਪੱਤਰਕਾਰ ਵਰਿੰਦਰ ਮਨਚੰਦਾ, ਪੱਤਰਕਾਰ ਕੇਵਲ ਕ੍ਰਿਸ਼ਨ ਅਹੂਜਾ, ਦਵਿੰਦਰ ਸਿੰਘ ਅਕਾਲੀਆਵਾਲਾਂ, ਸਿੱਖ ਚਿੰਤਕ ਗੁਰਦੀਪ ਸਿੰਘ ਅਕਾਲ ਚੈਨਲ, ਤੇਜਿੰਦਰ ਸਿੰਘ ਅਕਾਲ ਚੈਨਲ , ਚਰਨਜੀਤ ਸਿੰਘ ਅਕਾਲ ਚੈਨਲ, ਦਲਜੀਤ ਸਿੰਘ ਪੀ ਟੀ ਸੀ, ਕੈਪਟਨ ਗੁਰਚਰਨ ਸਿੰਘ ਗੱਗੂਬੋਅਆਂ ਸਰਪੰਚ ਲਖਵਿੰਦਰ ਸਿੰਘ ਅਰਾਈਆਵਾਲਾ , ਸਰਪੰਚ ਹਰਜਿੰਦਰ ਸਿੰਘ ਪੀਰਮੁਹੰਮਦ ਸਰਪੰਚ ਅਜੀਤ ਸਿੰਘ ਅਕਾਲੀ ਆਗੂ ਬੂਟਾ ਸਿੰਘ ਦੋਲਤਪੁਰਾ, ਚੇਅਰਮੈਨ ਅਮਰਜੀਤ ਸਿੰਘ ਲੰਡੇਕੇ ਆਪ ਆਗੂ ਰਾਕੇਸ਼ ਕੁਮਾਰ ਸੌਮਨ ਸੁਖਮਨਜੀਤ ਕੌਰ ਵਾਲੀਆ ਵੇਰਕਾ ਦੇ ਐਮ ਡੀ ਹਰਮਿੰਦਰ ਸਿੰਘ ਸੰਧੂ, ਕੋਆਪ੍ਰੇਟਿਵ ਬੈਕਾ ਦੇ ਐਮ ਡੀ ਹਰਜਿੰਦਰ ਸਿੰਘ ਮਰਹਾਣਾ , ਪੰਜਾਬ ਰਾਜ ਮੰਡੀ ਬੋਰਡ ਦੇ ਇੰਜੀਨੀਅਰ ਇਨ ਚੀਫ ਜਤਿੰਦਰ ਸਿੰਘ ਭੰਗੂ ਚੀਫ ਇੰਜੀਨੀਅਰ ਮੰਡੀ ਬੋਰਡ ਅਮਨਦੀਪ ਸਿੰਘ, ਐਕਸੀਅਨ ਲਾਲ ਅਮਰਿਕਬਾਲ ਸਿੰਘ , ਐਕਸੀਅਨ ਬਲਦੇਵ ਸਿੰਘ ਸਾਹਪੁਰ , ਐਸ ਡੀ ਉ ਨਿਰਮਲ ਸਿੰਘ ਭੰਗੂ , ਐਕਸੀਅਨ ਜਸਵੰਤ ਸਿੰਘ ਰੰਧਾਵਾ ਸਮੇਤ ਅਨੇਕਾ ਸਖਸੀਅਤਾਂ ਹਾਜਰ ਸਨ । ਇਸ ਮੌਕੇ ਸ੍ ਕਰਨੈਲ ਸਿੰਘ ਪੀਰਮੁਹੰਮਦ, ਜੇਲ ਸੁਪਰਡੈਂਟ ਕੁਲਵੰਤ ਸਿੰਘ ਸਿੱਧੂ ਅਤੇ ਸ੍ ਜੁਗਰਾਜ ਸਿੰਘ ਸਿੱਧੂ ਸਿਵਲ ਜੱਜ ਨੇ ਪਰਿਵਾਰ ਵੱਲੋ ਆਈਆ ਸਖਸੀਅਤਾ ਦਾ ਧੰਨਵਾਦ ਕੀਤਾ। ••

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਜੇ.ਜੇ ਸਕੂਲ ਦਾ ਸਥਾਪਨਾ ਦਿਵਸ ਮਨਾਇਆ ਗਿਆ



**ਚੌਕ ਮਹਿਤਾ, 11 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )** - ਛੇਹਰਟਾ ਦੀ ਨਾਮਵਰ ਸੰਸਥਾ ਜੇ.ਜੇ ਜੀਵਨ ਜਯੋਤੀ ਪਬਲਿਕ ਸਕੂਲ ਕਰਤਾਰ ਨਗਰ ਦਾ ਸਥਾਪਨਾ ਦਿਵਸ ਅੱਜ ਉਘੇ ਸਮਾਜ ਸੇਵਕ ਪ੍ਰਿੰਸੀਪਲ ਐਚ.ਐਸ ਕਠਾਨੀਆਂ ਦੀ ਅਗਵਾਈ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਸਕੂਲ ਦੇ ਸਾਬਕਾ ਵਿਦਿਆਰਥੀ ਥਾਣਾ ਛੇਹਰਟਾ ਦੇ ਇੰਚਾਰਜ ਵਿਨੋਦ ਸ਼ਰਮਾ ਸਨ ਜਦਕਿ

ਆਵਾਜ਼ਿ ਕੌਮ AWAZE QAUM International Newspaper & WEB TV

ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸੰਤ ਆਰਤੀ ਦੇਵਾ ਜੀ ਮਹਾਰਾਜ,'ਆਪ' ਆਗੂ ਅਰਵੀਨ ਭਕਨਾ,ਕਾਂਗਰਸੀ ਆਗੂ ਸਤੀਸ਼ ਬੱਲੂ,ਕੌਂਸਲਰ ਸੰਦੀਪ ਸਿੰਘ,ਭਾਜਪਾ ਆਗੂ ਅਵਿਨਾਸ਼ ਸ਼ੈਲਾ,ਸੀਨੀਅਰ ਪੱਤਰਕਾਰ ਕੰਵਲਜੀਤ ਸਿੰਘ ਵਾਲੀਆ, ਜਸਬੀਰ ਸਿੰਘ ਅਰੋੜਾ ਪ੍ਰਧਾਨ,ਪ੍ਰਿੰਸੀਪਲ ਹਰਮੀਤ ਸਿੰਘ,ਰਾਸ਼ਾ ਦੇ ਪ੍ਰਧਾਨ ਪ੍ਰਿੰਸੀਪਲ ਰਵੀ ਸ਼ਰਮਾ,ਸਰਬਜੀਤ ਹੈਰੀ, ਪ੍ਰਿੰਸੀਪਲ ਬਿਕਰਮ ਗੁਪਤਾ,ਯੂਨੀਅਨ ਬੈਂਕ ਆਫ ਇੰਡਿਆ ਦੇ ਮੈਨੇਜਰ ਹਰਪ੍ਰੀਤ ਸਿੰਘ,ਰਿੰਕੂ ਪ੍ਰਧਾਨ,ਛੇਹਰਟਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕੰਵਲਜੀਤ ਸਿੰਘ,ਸੁੱਖਵਿੰਦਰ ਸਿੰਘ,ਭਾਈ ਹਰਜੀਤ ਸਿੰਘ ਭਕਨਾ, ਪ੍ਰਿੰਸੀਪਲ ਪਠਾਨੀਆਂ,ਅਕਾਲੀ ਆਗੂ ਤਰਸੇਮ ਸਿੰਘ ਚੰਗਿਆੜਾ,ਡਾ.ਮਨਿੰਦਰਜੀਤ ਸਿੰਘ ਮਿੰਟੂ,ਡਾ.ਦਲਜੀਤ ਸਿੰਘ ਸ਼ਾਮਿਲ ਹੋਏ।ਇਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਇਸ ਮੌਕੇ ਪ੍ਰਿੰਸੀਪਲ ਐਚ.ਐਸ ਕਠਾਨੀਆਂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਅਮਰਜੀਤ ਸਿੰਘ ਲਵਲੀ ਪੰਜਾਬ ਪੁਲਿਸ,ਦਸਤਕ ਥੀਏਟਰ ਅਮਿਤਾ ਸ਼ਰਮਾ,ਪ੍ਰੋ.ਪੂਜਾ ਸ਼ਰਮਾ, ਰਾਜ ਰੰਮੀ ਸੋਨੀਆ,ਕ੍ਰਿਸ਼ਨਾ ਦਵੇਸਰ,ਨਗਰ ਨਿਗਮ ਤੋਂ ਜੇ.ਈ ਨਰਿੰਦਰ ਸ਼ਰਮਾ, ਐਡਵੋਕੇਟ ਕਰਨ ਨਾਰੰਗ,ਮੈਡਮ ਸਿਮਰਨ ਅੰਮ੍ਰਿਤਸਰ ਗਰੁੱਪ ਆਫ ਕਾਲਜ਼ ਡੀਨ ਆਦਿ ਤੋਂ ਇਲਾਵਾ ਵੱਡੀ ਸੰਖਿਆ ਵਿੱਚ ਛੇਹਰਟਾ ਦੀਆਂ ਪ੍ਰਮੁੱਖ ਰਾਜਨੀਤਿਕ, ਸਮਾਜਿਕ, ਧਾਰਮਿਕ, ਮੁਲਾਜ਼ਮ,ਜਥੇਬੰਦੀਆਂ ਦੇ ਪ੍ਰਮੁੱਖ ਆਗੂ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਸੇਵਾ ਪੰਜਾਬ ਨੇ ਅਸੰਗਠਿਤ ਖੇਤਰ ਵਿੱਚ ਔਰਤਾਂ ਦੇ ਹਿੱਤਾਂ ਦੀ ਰਾਖੀ ਲਈ ਸਾਂਝਾ ਸੰਵਾਦ ਕੀਤਾ ਆਯੋਜਿਤ



**ਅੰਮ੍ਰਿਤਸਰ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼ੇਲਫ ਇੰਪਲਾਇਡ ਵੂਮੇਂਸ ਐਸੋਸਿਏਸ਼ਨ (ਸੇਵਾ) ਪੰਜਾਬ ਨੇ ਸੈਕਟਰ 35 ਦੇ ਕਿਸਾਨ ਭਵਨ ਵਿਖੇ 'ਸਾਂਝਾ ਸੰਵਾਦ' ਦਾ ਆਯੋਜਨ ਕੀਤਾ, ਜਿਸਦਾ ਮੁੱਖ ਵਿਸ਼ਾ ਅਸੰਗਠਿਤ ਖੇਤਰ ( ਇਨਫੋਰਮਲ ਸੇਕਟਰ) ਵਿੱਚ ਔਰਤਾਂ ਦੀ ਦੇਖਭਾਲ ਸੀ ਜਿਸ ਵਿੱਚ ਉਨ੍ਹਾਂ ਦੀ ਸਿਹਤ, ਪੋਸ਼ਣ ਅਤੇ ਬਾਲ ਦੇਖਭਾਲ ਸੇਵਾਵਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਸੀ।ਇਸ ਗੱਲਬਾਤ ਦੌਰਾਨ, ਐਸਸੀਈਆਰਟੀ, ਬਾਲ ਅਧਿਕਾਰ ਕਮਿਸ਼ਨ, ਸਿਹਤ ਅਤੇ ਪਰਿਵਾਰ

ਆਵਾਜ਼ਿ ਕੌਮ AWAZE QAUM International Newspaper & WEB TV

ਭਲਾਈ ਵਿਭਾਗ ਅਤੇ ਪੀਜੀਆਈ ਵਿਖੇ ਪੋਸ਼ਣ ਵਿਭਾਗ ਦੇ ਸਰਕਾਰੀ ਪ੍ਰਤੀਨਿਧੀਆਂ ਦੇ ਨਾਲ-ਨਾਲ ਹੈਲਥ ਅਲਾਇੰਸ, ਯੁਵਾਸੱਤਾ, ਫੋਰਟੀਫਾਈ ਹੈਲਥ, ਰੈੱਡ ਕਰਾਸ, ਰਾਊਂਡਗਲਾਸ, ਹਾਰਟੇਕ ਫਾਊਂਡੇਸ਼ਨ, ਸੰਵੇਦਨਾ ਅਤੇ ਜਨ ਸਾਹਸ ਵਰਗੀਆਂ ਗੈਰ-ਸਰਕਾਰੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਮਾਹਿਰਾਂ, ਨੀਤੀ ਨਿਰਮਾਤਾਵਾਂ ਅਤੇ ਸਮਾਜਿਕ ਵਰਕਰਾਂ ਨੇ ਔਰਤਾਂ ਦੀ ਦੇਖਭਾਲ ਅਤੇ ਉਨ੍ਹਾਂ ਦੀ ਆਰਥਿਕਤਾ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਠੋਸ ਹੱਲਾਂ 'ਤੇ ਚਰਚਾ ਕੀਤੀ। ਸੇਵਾ ਭਾਰਤ ਦੀ ਸੋਨਲ ਸ਼ਰਮਾ ਨੇ ਕਿਹਾ ਕਿ 70 ਪ੍ਰਤੀਸ਼ਤ ਔਰਤਾਂ ਘਰੇਲੂ ਕੰਮ ਅਤੇ ਬੱਚਿਆਂ ਦੀ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਕਾਰਨ ਕਿਰਤ ਬਾਜ਼ਾਰ ਵਿੱਚ ਸ਼ਾਮਲ ਨਹੀਂ ਹੋ ਸਕਦੀਆਂ, ਜਿਸ ਨੂੰ ਉਨ੍ਹਾਂ ਲਈ ਆਸਾਨ ਬਣਾਉਣ ਦੀ ਲੋੜ ਹੈ। ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਅਤੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਅਨੁਰਾਗ ਕੁੰਡੂ ਨੇ ਭਾਈਚਾਰੇ ਦੇ ਵਿਚਾਰਾਂ ਨੂੰ ਮਹੱਤਵ ਦਿੱਤਾ ਅਤੇ ਸੇਵਾ ਪੰਜਾਬ ਵੱਲੋਂ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਚਰਚਾ ਵਿੱਚ ਮਾਂ ਅਤੇ ਬੱਚੇ ਦੀ ਸਿਹਤ, ਸਿੱਖਿਆ ਦਾ ਅਧਿਕਾਰ ਅਤੇ ਬਾਲ ਦੇਖਭਾਲ ਸੇਵਾਵਾਂ ਪ੍ਰਮੁੱਖਤਾ ਨਾਲ ਉਠਾਈਆਂ ਗਈਆਂ। ਇਸ ਦੌਰਾਨ ਲਾਭਪਾਤਰੀਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ, ਭਾਈਚਾਰਕ ਪੱਧਰ 'ਤੇ ਕਰੈਚਾਂ ਅਤੇ ਆਂਗਣਵਾੜੀਆਂ ਬਣਾਉਣ, ਆਸ਼ਾ ਵਰਕਰਾਂ ਦੀ ਸਿਖਲਾਈ ਆਦਿ ਪਹਿਲੂਆਂ 'ਤੇ ਜ਼ੋਰ ਦਿੱਤਾ ਗਿਆ। ਬਾਲ ਭਲਾਈ ਕਮੇਟੀ ਦੇ ਮੈਂਬਰ ਐਡਵੋਕੇਟ ਨੀਲ ਰਾਬਰਟ ਨੇ ਬਾਲ ਸੁਰੱਖਿਆ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜਦੋਂ ਕਿ ਐਸਸੀਈਆਰਟੀ ਦੇ ਮਨਮੀਤ ਕੱਕੜ ਨੇ ਆਂਗਣਵਾੜੀ ਅਤੇ ਆਸ਼ਾ ਵਰਕਰਾਂ ਦੀ ਸਾਂਝੀ ਸਿਖਲਾਈ 'ਤੇ ਜ਼ੋਰ ਦਿੱਤਾ।

# ਜ਼ਰੂਰੀ ਮੁਰੰਮਤ ਦੌਰਾਨ ਬਿਜਲੀ ਰਹੇਗੀ ਬੰਦ

ਚੌਕ ਮਹਿਤਾ, 11 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)-ਉਪ ਮੰਡਲ ਅਫ਼ਸਰ ਗੋਲਡਨ ਟੈਂਪਲ ਸ੍ਰ ਉਂਕਾਰ ਸਿੰਘ ਨੇ ਦੱਸਿਆ ਕਿ 132ਕੇ. ਵੀ, ਜੀ ਟੀ ਰੋਡ ਅਤੇ 66 ਕੇ.ਵੀ ਗੋਲਡਨ ਟੇਪਲ ਘਿਉ ਮੰਡੀ ਤੋ ਚਲਦੇ ਫੀਡਰ 11 ਕੇ ਵੀ ਸਰਾਏ ਗੁਰੂ ਰਾਮ ਦਾਸ ਅਤੇ 11 ਕੇ.ਵੀ ਲੱਕੜ ਮੰਡੀ ਫੀਡਰ ਮਿਤੀ 12ਫਰਵਰੀ ਦਿਨ ਬੁੱਧਵਾਰ ਨੂੰ 11ਕੇ ਵੀ ਸਰਾਏ ਗੁਰੂ ਰਾਮਦਾਸ ਜੀ ਦਾ ਡੀ ਲੋਡਿੰਗ ਮੁਰੰਮਤ ਦਾ ਕੰਮ ਕਰਨ ਲਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ ਜਿਸ ਦੌਰਾਨ ਚੌਕ ਪ੍ਰਾਗਦਾਸ,ਚੌਕ ਮੰਨਾ ਸਿੰਘ,ਚੌਕ ਬਾਬਾ ਸਾਹਿਬ, ਘੰਟਾ ਘਰ,ਗਲੀ ਗੁਜਰਾ, ਲੱਕੜ ਮੰਡੀ ਬਜ਼ਾਰ,ਨੀਵੀਂ ਗਲੀ,ਬਾਜ਼ਾਰ ਕਾਰਖਾਨਾ, ਮਾਹਣਾ ਸਿੰਘ ਰੋਡ ਆਦਿ ਇਲਾਕਿਆਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਬਾਦਲ ਪਰਿਵਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨੂੰ ਦਿੱਤੀ ਚੁਣੌਤੀ :ਜਥੇਦਾਰ ਹਰਚੰਦ ਸਿੰਘ ਚਕਰ



ਐਡਮਿੰਟਨ /ਕਨੇਡਾ (ਜਗਮੀਤ ਸਿੰਘ ਬਾਠ) ਸ਼੍ਰੋਮਣੀ ਕਮੇਟੀ ਵੱਲੋਂ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕੀਤੇ ਜਾਣ ਦਾ ਵਿਰੋਧ ਕਰਦਿਆਂ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਜਥੇਦਾਰ ਹਰਚੰਦ ਸਿੰਘ ਚਕਰ ਜੋ ਇਸ ਸਮੇਂ ਕਨੇਡਾ ਫੇਰੀ ਤੇ ਹਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਹ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੇ ਉਸ ਹੁਕਮ ਦੀ ਉਲੰਘਣਾ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਜਾਂਚ ਲਈ ਕੋਈ ਪੜਤਾਲੀਆ ਕਮੇਟੀ

ਆਵਾਜ਼ਿ ਕੌਮ AWAZE QAUM International Newspaper & WEB TV

ਕਾਇਮ ਨਹੀਂ ਕਰ ਸਕਦੀ। ਅੱਜ ਉਸੇ ਕਮੇਟੀ ਦੀ ਜਾਂਚ ਰਿਪੋਰਟ ਦੇ ਆਧਾਰ ਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਗਿਆ ਹੈ ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਕਨੇਡਾ ਦੀਆਂ ਸੰਗਤਾਂ ਵਿੱਚ ਭਾਰੀ ਗੁੱਸੇ ਦੀ ਲਹਿਰ ਹੈ ਜਿਸ ਨਾਲ ਬਾਦਲ ਪਰਿਵਾਰ ਨੂੰ ਆਉਣ ਵਾਲੇ ਸਮੇਂ ਵਿੱਚ ਕਨੇਡਾ ਵਸਦੇ ਪੰਜਾਬੀ ਭਾਈਚਾਰੇ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਵੇਗਾ ਉਨ੍ਹਾਂ ਸਿੱਖ ਧਾਰਮਿਕ ਜਥੇਬੰਦੀਆਂ ਅਤੇ ਇਨਸਾਫ ਪਸੰਦ ਲੋਕਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋ ਕੇ ਅੱਗੇ ਆਉਣ ਦੀ ਅਪੀਲ ਕੀਤੀ ਹੈ ਤਾਂ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਿਆ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਵਿਦੇਸ਼ਾਂ ਵਿੱਚ ਸ੍ਰੀ ਅਕਾਲਤਖਤ ਸਾਹਿਬ ਦੀ ਮਾਣ ਮਰਿਯਾਦਾ ਨੂੰ ਮਜ਼ਬੂਤ ਕੀਤਾ



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਪੰਥ ਦੇ ਚੋਣਵੇਂ ਬੁਲਾਰਿਆਂ ਵਿੱਚੋਂ ਇੱਕ ਹਨ ਉੱਨਾਂ ਨੇ ਵਿਦੇਸ਼ਾ ਵਿੱਚ ਅਕਾਲਤਖਤ ਸਾਹਿਬ ਦੀ ਮਾਣ ਮਰਿਯਾਦਾ ਅਤੇ ਅਕਾਲੀ ਦਲ ਦੀ ਡਿੱਗੀ ਹੋਈ ਸਾਖ ਨੂੰ ਮੁੜ ਮਜ਼ਬੂਤ ਕੀਤਾ ਆਪਣੇ ਮਿਆਰੀ ਅਤੇ ਨਾਪ ਤੋਲ ਵਾਲੇ ਸ਼ਬਦਾਂ ਨਾਲ ਹਰ ਗੁਰਸਿੱਖ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਜਿਸ ਵਿੱਚ ਉਹ ਕਾਮਯਾਬ ਰਹੇ ਇਸੇ ਕਰਕੇ ਅੱਜ ਇੰਗਲ਼ੈਡ ਦੀ ਬਹੁਗਿਣਤੀ ਉੱਨਾਂ ਨਾਲ ਖੜੀ ਹੈ ਸ ਹਰਜਿੰਦਰ ਸਿੰਘ ਜੀ ਧਾਮੀ ਅਤੇ ਪਾਰਟੀ ਨੇ ਜੋ ਵੀ ਕੀਤਾ ਉਹ ਸਰਾਸਰ ਗਲਤ ਹੈ ਬੇਬੁਨਿਆਦ ਦੋਸ਼ ਸਿਰ ਮੜ ਦੇਣੇ ,ਇਸ ਵਿੱਚ ਕਾਹਦੀ ਦਿਆਨਤਦਾਰੀ ਆ ਸਮਾਂ ਬਦਲ ਜਾਣਾ ਕਮੇਟੀ ਦੀ ਚੋਣ ਸਿਰ ਤੇ ਖੜੀ ਆ ਇਹੋ ਜਿਹੇ ਫੈਸਲੇ ਅਰਥੀ ਵਿੱਚ ਕਿੱਲ ਸਾਬਤ ਹੋਣੇ ਹਨ। ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਹੁਣਾ ਦੀ ਇਸ ਸਮੇਂ ਬਹੁਤ ਵੱਡੀ ਜਿੰਮੇਵਾਰੀ ਬਣ ਗਈ ਹੈ ਕਿਉਂਕਿ ਸਾਰਾ ਦਾਰੋਮਦਾਰ ਉਨਾ ਦੇ ਉੱਤੇ ਆਣ ਡਿੱਗਾ ਹੈ ਸੱਤ ਮੈਂਬਰੀ ਕਮੇਟੀ ਨੂੰ ਨਜਰਅੰਦਾਜ ਕਰਕੇ ਕੀਤੀ ਗਈ ਭਰਤੀ ਗਿਆਨੀ ਜੀ ਹੁਣਾ ਦੀ ਬਰਖਾਸਤਗੀ ਦਾ ਤਰੀਕਾ ਅਤੇ ਧਾਮੀ ਦੀ ਜ਼ੋਰ ਅਜ਼ਮਾਈ ਸਭ ਕੁੱਝ ਇਕੋ ਹੀ ਚੋਰ ਮੋਰੀ ਰਾਹੀਂ ਹੋ ਰਿਹਾ ਪੰਥ ਦਾ ਸਭ ਪਾਸੇ ਤਮਾਸ਼ਾ ਬਣਿਆ ਪਿਆ ਸੁਹਿਰਦ ਅਤੇ ਯਤਨਸ਼ੀਲ ਬੰਦੇ ਆਪੋ ਆਪਣੇ ਢੰਗ ਨਾਲ ਮਸਲੇ ਨੂੰ ਹੱਲ ਕਰਵਾਉਣ ਵਿੱਚ ਲੱਗੇ ਹੋਏ ਹਨ ਪਰ ਅਜੇ ਤੱਕ ਗੱਲ ਕਿਸੇ ਪਾਸੇ ਨਹੀਂ ਲੱਗ ਰਹੀ।

ਆਵਾਜ਼ਿ ਕੌਮ AWAZE QAUM International Newspaper & WEB TV

**-ਰਾਜ ਮਨਵਿੰਦਰ ਸਿੰਘ ਕੰਗ, ਲੈਸਟਰ ਇੰਗਲੈਂਡ**

# ਦਿੱਲੀ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਉਪਰੰਤ ਪੰਜਾਬ ਦੀ ਵਾਰੀ: ਮਲਕੀਤ ਸਿੰਘ ਬੱਲ

**ਚੌਕ ਮਹਿਤਾ, 11 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਿੱਲੀ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਤੇ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਭਾਜਪਾ ਦਫ਼ਤਰਾਂ ਵਿੱਚ ਢੋਲ ਵਜਾ, ਭੰਗੜਾ ਪਾ ਅਤੇ ਲੱਡੂ ਵੰਡ ਕੇ ਜਸ਼ਨ ਮਨਾਏ ਜਾ ਰਹੇ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ। ਇਹਨਾ ਸ਼ਬਦਾਂ ਦਾ ਪ੍ਰਗਟਾਵਾ ਮਲਕੀਤ ਸਿੰਘ ਬੱਲ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਪੱਤਰਕਾਰਾ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਆਪਣੀ ਪੁਰਾਣੀ ਸ਼ਾਨ ਮੁੜ ਪ੍ਰਾਪਤ ਕਰਨ ਵੱਲ ਵਧ ਰਿਹਾ ਹੈ। ਦਿੱਲੀ ਲੋਕਾਂ ਨੇ ਹੁਣ ਭਾਜਪਾ ਵਿੱਚ ਆਪਣਾ ਵਿਸ਼ਵਾਸ ਦਿਖਾਇਆ ਅਤੇ ਭਾਜਪਾ ਨੂੰ ਇੱਕ ਵੱਡੀ ਜਿੱਤ ਦਿਵਾਈ ਮਲਕੀਤ ਸਿੰਘ ਬੱਲ ਨੇ ਕਿਹਾ ਕਿ ਦਿੱਲੀ ਚ 27 ਸਾਲਾਂ ਬਾਅਦ ਭਾਜਪਾ ਦੀ ਇਤਿਹਾਸਿਕ ਜਿੱਤ ਹੋਈ ਹੈ ਭਾਜਪਾ ਸਰਕਾਰ ਦਿਲੀ ਵਿੱਚ ਸਰਵਪੱਖੀ ਵਿਕਾਸ ਕਰਵਾਉਣ ਲਈ ਵਚਨਬੱਧ ਹੈ ਦਿੱਲੀ ਦੀ ਇਤਿਹਾਸਿਕ ਜਿੱਤ ਤੋਂ ਬਾਅਦ ਹੁਣ ਪੰਜਾਬ ਦੀ ਵਾਰੀ ਹੈ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾਂ ਵਿੱਚ ਪੰਜਾਬ ਦੇ ਸੂਝਵਾਨ ਵੋਟਰ ਬਹੁਮਤ ਨਾਲ ਪੰਜਾਬ ਚ ਭਾਜਪਾ ਦੀ ਸਰਕਾਰ ਬਣਾਉਣਗੇ।



ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਕਮੇਟੀ ਨੇ ਸ. ਰਾਮ ਸਿੰਘ ਰਾਠੌਰ ਨੂੰ ਸਿੱਖ ਮਿਸ਼ਨ ਕਰਨਾਟਕਾ, ਗੋਆ ਅਤੇ ਗੁਜਰਾਤ ਵਿਖੇ ਲਗਾਇਆ ਆਨਰੇਰੀ ਇੰਚਾਰਜ

**ਅੰਮ੍ਰਿਤਸਰ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਧਰਮ ਦੇ ਪ੍ਰਚਾਰ ਪ੍ਰਸਾਰ ਨੂੰ ਹੋਰ ਸੰਚਾਰੂ ਢੰਗ ਨਾਲ ਚਲਾਉਣ ਲਈ ਸ. ਰਾਮ ਸਿੰਘ ਰਾਠੌਰ ਨੂੰ ਸਿੱਖ ਮਿਸ਼ਨ ਕਰਨਾਟਕਾ, ਗੋਆ ਅਤੇ ਗੁਜਰਾਤ ਵਿਖੇ ਆਨਰੇਰੀ ਤੌਰ 'ਤੇ ਇੰਚਾਰਜ ਵਜੋਂ ਸੇਵਾਵਾਂ ਸੌਂਪੀਆਂ ਹਨ। ਇਸ ਸਬੰਧ ਵਿਚ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਨੇ ਉਨ੍ਹਾਂ ਨੂੰ ਅਧਿਕਾਰਤ ਪੱਤਰ ਸੌਂਪ ਕੇ ਕਾਰਜਸ਼ੀਲ ਕੀਤਾ। ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਧਰਮ ਪ੍ਰਚਾਰ ਕਮੇਟੀ ਵੱਲੋਂ ਸੰਗਤ ਨੂੰ ਗੁਰਮਤਿ ਨਾਲ ਜੋੜਨ ਅਤੇ ਸਿੱਖ ਰਹਿਣੀ ਵਿੱਚ ਪ੍ਰਪੱਕ ਰਹਿਣ ਲਈ ਪ੍ਰੇਰਣਾ ਵਾਸਤੇ ਜਿਥੇ ਪੰਜਾਬ ਅੰਦਰ ਵੱਡੀ ਗਿਣਤੀ ਵਿੱਚ ਪ੍ਰਚਾਰਕ, ਕਵੀਸ਼ਰ ਤੇ ਢਾਡੀ ਜਥੇ ਸੇਵਾ ਨਿਭਾਅ ਰਹੇ ਹਨ, ਉਥੇ ਹੀ ਵੱਖ-ਵੱਖ ਸੂਬਿਆਂ ਵਿੱਚ ਸਥਾਪਤ ਕੀਤੇ ਸਿੱਖ ਮਿਸ਼ਨ ਵੀ ਜਿੰਮੇਵਾਰੀ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਪ੍ਰਚਾਰ ਦੀ ਇਸੇ ਹੀ ਭਾਵਨਾ ਅਨੁਸਾਰ ਐਡਵੋਕੇਟ ਧਾਮੀ ਵੱਲੋਂ ਸ. ਰਾਮ ਸਿੰਘ ਰਾਠੌਰ ਨੂੰ ਸਿੱਖ ਮਿਸ਼ਨ ਕਰਨਾਟਕਾ,ਗੋਆ ਅਤੇ ਗੁਜਰਾਤ ਵਿਖੇ ਆਨਰੇਰੀ ਇੰਚਾਰਜ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸ. ਰਾਮ ਸਿੰਘ ਨੂੰ ਇਨ੍ਹਾਂ ਸੂਬਿਆਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨ ਦੇ ਨਾਲ-ਨਾਲ ਉਥੇ ਵੱਸਦੇ ਸਿੱਖ ਪਰਿਵਾਰਾਂ ਦੇ ਵੇਰਵੇ ਇਕੱਤਰ ਕਰਕੇ ਦਫ਼ਤਰ ਧਰਮ ਪ੍ਰਚਾਰ ਕਮੇਟੀ ਵਿਖੇ ਭੇਜਣ ਦੀ ਜ਼ੁੰਮੇਵਾਰੀ ਦਿੱਤੀ ਗਈ ਹੈ। ਸ. ਕਾਹਲਵਾਂ ਨੇ ਕਿਹਾ ਕਿ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸ. ਰਾਠੌਰ ਦੇ ਨਾਲ ਹੋਰ ਪ੍ਰਚਾਰਕਾਂ ਦੀ ਵੀ ਤਾਇਨਾਤੀ ਕੀਤੀ ਜਾਵੇਗੀ। ਸ. ਰਾਮ ਸਿੰਘ ਰਾਠੌਰ ਨੂੰ ਨਿਯੁਕਤੀ ਦੇਣ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ ਵੀ ਮੌਜੂਦ ਸਨ।



ਆਵਾਜ਼ਿ ਕੌਮ AWAZE QAUM International Newspaper & WEB TV